# ਅੰਮ੍ਰਿਤ ਕੀਰਤਨ

Amrit Kirtan — अमृत कीर्तन

ਅੰਕ : 12 — ਮਈ 1990


## ਗੁਰੂ ਗਰੰਥ ਸਾਹਿਬ ਅਤੇ ਰਾਗ

ਜਿੱਥੇ ਗੁਰੂ ਗਰੰਥ ਸਾਹਿਬ ਬੋਲੀਆਂ ਦਾ ਸੰਗਮ ਹੈ, ਉੱਥੇ ਹਰ ਇਲਾਕੇ, ਸਿੰਧ ਤੋਂ ਲੈ ਕੇ ਬੰਗਾਲ ਤਕ ਅਤੇ ਦੱਖਣ-ਤਾਮਿਲਨਾਡ ਤੋਂ ਲੈ ਕੇ ਹਿਮਾਲਿਆ ਦੀਆਂ ਪਹਾੜੀਆਂ ਵਿਚ ਵਰਤੇ ਜਾਂਦੇ ਰਾਗਾਂ ਦਾ ਵੀ ਸਮੂਹ ਹੈ। ਉਸੇ ਰਾਗ ਵਿਚ ਜਿਸ ਵਿਚ ਸ਼ਬਦ ਉਚਾਰਿਆ ਗਿਆ ਹੈ, ਜਦ ਸ਼ਬਦ ਰਲਾ ਕੇ ਗਾਇਆ ਜਾਏਗਾ ਤਾਂ ਉਸ ਨੂੰ ਸਮਝਣ ਤੇ ਰਸ ਮਾਣਨ ਵਿਚ ਉਚੇਚਾ ਜਤਨ ਨਹੀਂ ਕਰਨਾ ਪਵੇਗਾ। ਮੇਰਾ ਇਹ ਯਕੀਨ ਪੱਕਾ ਹੈ ਕਿ ਕੀਰਤਨ ਨੂੰ ਗੁਰੂ ਪਾਤਸ਼ਾਹਾਂ ਨੇ ਨਿਰਮੋਲਕ ਹੀਰਾ ਇਸੇ ਲਈ ਕਿਹਾ ਅਤੇ ਰਾਗ ਨੂੰ ਪਹਿਲ ਤਾਂ ਦਿੱਤੀ ਤਾਂਕਿ ਰਾਗ ਦੀ ਸ਼ਕਤੀ ਨੂੰ ਆਤਮਾ ਉਚਿਯਾਨ ਲਈ ਵਰਤਿਆ ਜਾਏ। ਫਿਰ ਗੁਰੂ ਗਰੰਥ ਸਾਹਿਬ ਵਿਚ ਰਾਗਾਂ ਦੀ ਸੂਚੀ ਪੜ੍ਹ ਕੇ ਆਪ ਮੁਹਾਰੇ ਖਿਆਲ ਆਏਗਾ ਕਿ ਕਈ ਰਾਗ ਗੁਰੂ ਜੀ ਨੇ ਛੱਡੇ ਹਨ, ਕਈ ਅਪਣਾਏ ਹਨ, ਕਈ ਨਵੇਂ ਸਾਜੇ ਹਨ, ਇਸ ਦਾ ਵੀ ਕਾਰਨ ਹੈ। ਇਸ ਲਈ ਰਾਗ ਦੀ ਥੋੜੀ ਜਿਹੀ ਵਾਕਫੀਅਤ ਹਰ ਬਾਣੀ ਪੜ੍ਹਨ ਵਾਲੇ ਨੂੰ ਹੋਣੀ ਜ਼ਰੂਰੀ ਹੈ। ਰਾਗ ਦਾ ਮਾਹੌਲ ਜਾਣਨ ਨਾਲ ਬਾਣੀ ਦੇ ਅਰਥ ਕਰਨ, ਸਮਝਣ ਵੇਲੇ ਵੀ ਬੜੀ ਆਸਾਨੀ ਹਵੇਗੀ।

—ਪ੍ਰਿੰਸੀਪਲ ਸਤਿਬੀਰ ਸਿੰਘ

# ਸਾਡੇ ਨਵੇਂ ਜੀਵਨ–ਮੈਂਬਰ

1. ਸ੍ਰ: ਏ. ਐਸ. ਸਹਿਗਲ
   685, ਫੇਜ਼ 6, ਮੁਹਾਲੀ

2. ਸ੍ਰੀਮਤੀ ਚਰਨ ਕੌਰ ਸੁਪਤਨੀ ਸ੍ਰ: ਉੱਤਮ ਸਿੰਘ
   3321, ਨਈ ਅਬਾਦੀ, ਸਰਹੰਦ ਮੰਡੀ

3. ਗੁਰਪ੍ਰੀਤ ਚੈਰੀਟੇਬਲ ਟ੍ਰਸਟ
   3314, ਸੈਕਟਰ 19 D, ਚੰਡੀਗੜ੍ਹ

4. ਪ੍ਰੋ: ਜਗਜੀਤ ਕੌਰ W/O ਡਾ: ਸੁਹਿੰਦਰਪਾਲ ਸਿੰਘ
   B-213, ਰਣਜੀਤ ਐਵਨਿਊ, ਅੰਮ੍ਰਿਤਸਰ

ਜੀਵਨ ਭਰ ਲਈ 'ਅੰਮ੍ਰਿਤ ਕੀਰਤਨ' ਮੰਗਵਾਉਣ ਲਈ ਚੰਦੇ ਦਾ ਵੇਰਵਾ :

ਦੇਸ਼–500 ਰੁ: ਵਿਦੇਸ਼ 5000 ਰੁ:

ਚੰਦਾ ਭੇਜਣ ਲਈ ਪਤਾ : ਅੰਮ੍ਰਿਤ ਕੀਰਤਨ ਟ੍ਰਸਟ

422 ਸੈਕਟਰ 15 ਏ ਚੰਡੀਗ

# ਅੰਮ੍ਰਿਤ ਕੀਰਤਨ

# Amrit Kirtan

ਅੰਕ 12 ਮਈ 1990

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੰਮਲ
ਡਾ. ਸਤੀਸ਼ ਮੈਨਨ
ਸ੍ਰ: ਕੁਲਦੀਪ ਸਿੰਘ
ਪ੍ਰੋ: ਮਨਜੀਤ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇੱਕ ਕਾਪੀ : 5 ਰੁਪਏ

**ਦੇਸ਼ :**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼ :**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

**ਵਿਸ਼ਾ** **ਪੰਨਾ**

1. ਤੁਹਾਡੇ ਪੱਤਰ
2. ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ 2
—ਟੀ. ਐਸ. ਨਾਗਪਾਲ 4
3. ਕੀਰਤਨ ਨਿਰਮੋਲਕ ਹੀਰਾ
—ਗਿ: ਵਰਿਆਮ ਸਿੰਘ 10
4. ਭਾਈ ਸਹਿਜ ਰਾਮ
—ਡਾ: ਗੁਰਮੁਖ ਸਿੰਘ 12
5. सिख धर्म में कीर्तन और राग गायन
—डा: जोगिन्द्र सिंह बावरा 14
6. ਪ੍ਰੋ ਪਰਮਜੋਤ ਸਿੰਘ
— ਪ੍ਰੋ. ਸਤਵਿੰਦਰ ਸਿੰਘ 17
7. Poetry and Music
—Dr. Gurnam Singh 19
8. ਰਾਗ ਸਿੰਧੜਾ 21
—ਸ੍ਰ. ਹਰਭਜਨ ਸਿੰਘ 22
9. ਰਾਗ ਲਲਿਤ
—ਪ੍ਰੋ. ਤਾਰਾ ਸਿੰਘ 23
10. ਸੰਗੀਤ ਅਤੇ ਕੀਰਤਨ ਕੈਸਟਾਂ 25
11. ਕੀਰਤਨ ਅਤੇ ਸੰਗੀਤ ਸਮਾਚਾਰ 29
12. ਗੁਰੂ ਅਰਜਨ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ —ਜਸਬੀਰ ਕੌਰ 31

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

ਅੰਮ੍ਰਿਤ ਕੀਰਤਨ ਸੰਗੀਤ ਦਾ ਵੱਡਮੁੱਲਾ ਖਜ਼ਾਨਾ ਹੈ। ਮੇਰੇ ਪਾਸ ਉਹ ਸ਼ਬਦ ਨਹੀਂ ਹਨ ਜਿਹਨਾਂ ਨਾਲ ਮੈਂ ਅੰਮ੍ਰਿਤ ਕੀਰਤਨ ਦੀ ਸਿਫਤ ਕਰ ਸਕਾਂ।

ਰਾਮ ਸਿੰਘ ਤਬਲਾ ਮਾਸਟਰ
ਮਲੋਟ।

ਮਾਰਚ 1990 ਦੇ ਪਰਚੇ ਵਿੱਚ ਪ੍ਰੋ. ਪਰਮਜੋਤ ਸਿੰਘ ਦੇ ਰਾਗ ਗੂਜਰੀ ਦੇ ਵੇਰਵੇ ਬਾਰੇ—ਜੇ ਕਿਸੇ ਪ੍ਰਾਚੀਨ ਗ੍ਰੰਥ ਵਿੱਚ ਕਦੇ ਗੂਜਰੀ ਦਾ ਇਹ ਸਰੂਪ ਰਿਹਾ ਵੀ ਹੋਵੇ ਤਾਂ ਵੀ ਅੱਜ ਦਾ ਸਰੂਪ ਜੋ ਕਾਫੀ ਸਮੇਂ ਤੋਂ ਚੱਲ ਰਿਹਾ ਹੈ ਛੱਡ ਦੇਣਾ ਗਲਤ ਗੱਲ ਹੈ। ਗੂਜਰੀ ਰਾਗ ਵਿੱਚ ਪੰਚਮ ਨੂੰ ਵਾਦੀ ਅਤੇ ਰੇ ਨੂੰ ਸੰਵਾਦੀ ਕਹਿਣਾ ਉਚਿਤ ਨਹੀਂ। ਇਸ ਰਾਗ ਵਿੱਚ ਪੰਚਮ ਮਨ੍ਹਾਂ ਹੈ ਤੇ ਧਾ ਅਤੇ ਰੇ ਵਿੱਚ ਸ਼ਡਜ-ਪੰਚਮ, ਸ਼ਡਜ-ਮਧਿਅਮ ਸੰਵਾਦ ਨਾ ਹੋਣ ਕਾਰਨ ਵਾਦੀ ਸੰਵਾਦੀ ਦਾ ਉਲੰਘਣ ਹੁੰਦਾ ਹੈ। ਇਸ ਰਾਗ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ ਪਹਿਲਾ ਨਹੀਂ। ਇਸ ਰਾਗ ਦਾ ਵਾਦੀ ਸੁਰ ਧੁ ਅਤੇ ਸੰਵਾਦੀ 'ਰੇ' ਵੀ ਮੰਨਦੇ ਹਨ। ਇਹ ਰਾਗ ਅਪਰਚਲਤ ਵੀ ਨਹੀਂ ਹੈ ਸਾਡੇ ਵਿਚਾਰ ਦੀ ਪ੍ਰੋੜਤਾ ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ ਤੋਂ ਲੈ ਕੇ ਭਾਤਖੰਡੇ ਦੇ ਸੰਗੀਤ ਗ੍ਰੰਥਾਂ ਤੱਕ ਹੁੰਦੀ ਹੈ।

ਹਰਭਜਨ ਸਿੰਘ ਖਾਲਸਾ
ਭੋਪਾਲ

'ਅੰਮ੍ਰਿਤ ਕੀਰਤਨ' ਵਿੱਚ ਪ੍ਰਸਿੱਧ ਰਾਗੀ ਸਿੰਘਾਂ ਦੀਆਂ ਜੀਵਨੀਆਂ ਪੜ੍ਹ ਕੇ ਬਹੁਤ ਖੁਸ਼ੀ ਹੋਈ। ਸਿੱਖ ਧਰਮ ਵਿੱਚ ਗੁਰਮਤ ਅਤੇ ਕੀਰਤਨ ਅਨਿਖੜਵੇਂ ਅੰਗ ਪ੍ਰਤੱਖ ਨਜ਼ਰ ਆਉਂਦੇ ਹਨ। ਆਪ ਅੰਮ੍ਰਿਤ ਕੀਰਤਨ ਰਾਹੀਂ ਬਹੁਮੁੱਲੀ ਸੇਵਾ ਕਰ ਰਹੇ ਹੋ।

ਰਾਜਿੰਦਰ ਸਿੰਘ
ਫਿਰੋਜ਼ਪੁਰ ਸ਼ਹਿਰ

ਅੰਮ੍ਰਿਤ ਕੀਰਤਨ ਪੱਤਰਕਾ ਵਿਚ ਉੱਚ ਕੋਟੀ ਦੀ ਸਮੱਗਰੀ ਭਰੀ ਪਈ ਹੈ। ਇਹ ਉੱਦਮ ਅੱਜ ਤੋਂ 70 ਸਾਲ ਪਹਿਲਾਂ ਹੋ ਜਾਣਾ ਚਾਹੀਦਾ ਸੀ ਤਾਂ ਜੋ ਗੁਰਮਤਿ ਸੰਗੀਤ ਸੰਬੰਧੀ ਕੀਰਤਨ-ਕਾਰਾਂ ਵਿਚ ਉੱਚ ਕੋਟੀ ਦੇ ਖਿਆਲ ਭਰ ਜਾਂਦੇ ਅਤੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ।

ਕਸ਼ਮੀਰਾ ਸਿੰਘ ਹੈਡਮਾਸਟਰ
ਫਗਵਾੜਾ

ਭਾਈ ਸੰਤਾ ਸਿੰਘ ਚਮਕ ਬਾਰੇ ਪ੍ਰਕਾਸ਼ਤ ਲੇਖ ਵਿਚੋਂ ਟੂਕ ਦੇਣ ਲਈ ਧੰਨਵਾਦ ! ਰਾਗੀ ਸਿੰਘਾਂ ਦੇ ਕੀਰਤਨ ਦੇ ਰਵਾਇਤੀ ਤੇ ਤਕਨੀਕੀ ਪੱਖ ਨਾਲ ਅਜਿਹੇ ਗੁਰਮੁਖ ਕੀਰਤਨੀਆਂ ਦਾ ਪਵਿੱਤਰ ਜੀਵਨ ਉਘਾੜਨ ਤੇ ਪ੍ਰਚਾਰਨ ਦੀ ਅੱਜ ਵਧੇਰੇ ਲੋੜ ਭਾਸ ਰਹੀ ਹੈ ।

ਕੀਰਤਨ-ਗੁਰਮਤ ਸੰਗੀਤ ਬਾਰੇ ਇਕ ਭਰਪੂਰ, ਭਾਵਪੂਰਤ ਤੇ ਵਿਸਥਾਰਤ ਲੇਖ ਹਰ ਪਰਚੇ ਵਿਚ ਅਜਿਹਾ ਦਿਓ ਜਿਹੜਾ ਗੁਰਮਤ ਸੰਗੀਤ ਦੇ ਵਿਦਿਆਰਥੀ ਆਪਣੀਆਂ ਫਾਈਲਾਂ ਵਿਚ ਸੰਭਾਲ ਕੇ ਰੱਖ ਸਕਣ ।

ਜੋਧ ਸਿੰਘ, ਜਲਧੰਰ

ਇਸ ਵਕਤ ਜਦੋਂ ਕਿ ਗੁਰਮਤ ਕੀਰਤਨ ਦੀ ਪੁਰਾਤਨ ਤੇ ਵੱਖਰੀ ਸ਼ੈਲੀ ਨੂੰ ਬੜੀ ਢਾਹ ਲੱਗੀ ਹੋਈ ਹੈ । ਰਾਗੀ ਸੱਜਨਾਂ ਨੇ ਸੰਗੀਤ ਵਰਗੀ ਮਹਾਨ ਕਲਾਂ ਨੂੰ ਬੇ-ਲੋੜਾ ਹੀ ਸਮਝ ਲਿਆ ਹੈ ਇਹਨਾਂ ਸਾਰੀਆਂ ਔਕੜਾਂ ਦੇ ਹੱਲ ਲਈ ਅੰਮ੍ਰਿਤ ਕੀਰਤਨ ਵਰਗੇ ਪਰਚੇ ਦੀ ਅਤੀ ਲੋੜ ਸੀ ਜੋ ਕਿ ਸਿੱਖ ਜਗਤ ਦੇ ਵਿਦਵਾਨ ਖੋਜੀ ਕੀਰਤਨੀਏ ਸ੍ਰੀ ਮਾਨ ਡਾਕਟਰ ਜਗੀਰ ਸਿੰਘ ਜੀ ਨੇ ਪੂਰੀ ਕਰ ਦਿੱਤੀ ਹੈ । ਹਰ ਪਰਚਾ ਪਹਿਲੇ ਪਰਚੇ ਨਾਲੋਂ ਹਰ ਪੱਖ ਤੋਂ ਵਧੀਆ ਹੁੰਦਾ ਹੈ । ਮੇਰੀ ਅਰਦਾਸ ਹੈ ਕਿ ਅਕਾਲ ਪੁਰਖ ਡਾਕਟਰ ਜਗੀਰ ਸਿੰਘ ਨੂੰ ਲੰਬੀ ਉਮਰ ਚੰਗੀ ਸਹਿਤ ਤੇ ਇਸ ਮਹਾਨ ਸੇਵਾ ਦੇ ਖੇਤਰ ਵਿਚ ਵੱਧ ਤੋਂ ਵੱਧ ਸਫਲਤਾ ਬਖਸ਼ੇ । ਸਾਰੇ ਕੀਰਤਨੀਆਂ ਨੂੰ ਇਸ ਕਾਰਜ ਵਿਚ ਤਨ ਮਨ ਧਨ ਦੁਆਰਾ ਸਹਿਯੋਗ ਦੇਣ ਲਈ ਵੀ ਬੇਨਤੀ ਕਰਦਾ ਹਾਂ ।

ਗੁਰੂ ਪੰਥ ਦਾ ਦਾਸ
ਰਾਗੀ ਗੁਰਚਰਨ ਸਿੰਘ ਕੰਵਲ
New Delhi

ਰਾਗੀ ਸਿੰਘਾਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਕੀਰਤਨ ਕਰਨ ਐਵੇਂ ਤਰਜ਼ਾਂ ਜਿਹੀਆਂ ਵਿਚ ਗੁਰਬਾਣੀ ਗਾ ਕੇ ਗੁਰਬਾਣੀ ਦੀ ਬੇ-ਅਦਬੀ ਨਾ ਕਰਨ । ਮੇਰੀ ਦੋਵੇਂ ਹੱਥ ਜੋੜ ਬੇਨਤੀ ਹੈ ।

ਜਤਿੰਦਰਪਾਲ ਸਿੰਘ ਸੇਖੋਂ ਹਰਦੋਰਵਾਲ

---

OFF : 28958
DIAL : RESI, : 29377

ਨਿਸਚੈ ਕਰ ਅਪਨੀ ਜੀਤ ਕਰੋ

PURORCA TAILS

London qualified
Exporter of Readymade Garments
**S.C.F. NO, 13, Sector 7-C,**
**CHANDIGARH-160019**

# ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ

[ਸੰਗੀਤ ਅਤੇ ਗੁਰਬਾਣੀ ਸ਼ਬਦ ਨਾਲ ਜੁੜੇ, ਸੰਨ 1926-27 ਤੋਂ ਕੁਝ ਅੱਖੀਂ ਵੇਖੇ ਅਤੇ ਕੰਨੀ ਸੁਣੇ ਪੁਰਾਤਨ ਕੀਰਤਨਕਾਰਾਂ (ਕਲਾਕਾਰਾਂ) ਦੀ ਦਾਸਤਾਨ]

**ਟੀ. ਐਸ. ਨਾਗਪਾਲ**

ਗੁਰਬਾਣੀ ਦਾ ਇਕ ਫੁਰਮਾਨ ਹੈ ਕਿ "ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥" ਇੱਕ ਹੋਰ ਫੁਰਮਾਣ ਹੈ" ਸਭਨਾਂ ਰਾਗਾਂ ਵਿਚ ਸੋ ਭਲਾ ਭਾਈ ਜਿਤ ਵਸਿਆ ਮਨਿ ਆਇ ॥ "ਰਾਗ ਨਾਦ ਸਭੁ ਸਚੁ ਹੈ ਕੀਮਤ ਕਹੀ ਨ ਜਾਇ ।" ਇਨ੍ਹਾਂ ਪੰਗਤੀਆਂ ਤੋਂ ਕੁਝ ਇੰਜ ਇਸ਼ਾਰਾ ਮਿਲਦਾ ਹੈ ਕਿ ਰਾਗ ਨਾਦ ਰਤਨਾਂ ਸਮਾਨ ਹਨ । ਇਨ੍ਹਾਂ ਦੀ ਕੋਈ ਕੀਮਤ ਨਹੀਂ ਆਂਕੀ ਜਾ ਸਕਦੀ । ਪਰ ਇਨ੍ਹਾਂ ਵਿਚੋਂ ਕੋਈ ਇੱਕ ਰਾਗ ਭੀ ਤਾਂ ਹੀ ਵਧੀਆ ਚੰਗਾ ਅਤੇ ਗੁਣਕਾਰੀ ਮੰਨਿਆ ਜਾ ਸਕਦਾ ਹੈ ਜੇਕਰ ਵਸੀਲੇ ਜਾਂ ਸਾਧਨ ਦੇ ਤੌਰ ਤੇ ਇਹ ਮਨੁੱਖੀ ਮਨ ਵਿੱਚ ਇਕਾਗਰਤਾ ਲਿਆ ਕੇ ਮਨੁੱਖ ਨੂੰ ਅੰਤਰ-ਮੁੱਖ ਕਰਦੇ ਹੋਏ ਉਸ ਅੰਦਰ ਹਮੇਸ਼ਾਂ ਲਈ ਵਾਹਿਗੁਰੂ ਦੀ ਯਾਦ ਪਿਆਰ ਕਾਇਮ ਕਰ ਦੇਵੇ ।

ਇਸ ਸਚਾਈ ਤੋਂ ਇਨਕਾਰ ਨਹੀਂ ਕਿ ਸੰਗੀਤ ਰਾਗ ਜਾਂ ਫ਼ਨੇ-ਮੌਸੀਕੀ ਜੋ ਕਿ ਇੱਕ ਕੋਮਲ ਵਿੱਦਿਆ ਹੈ, ਮਨੁੱਖੀ ਮਨ ਵਿੱਚ ਇਕਾਗਰਤਾ ਅਤੇ ਯਕਸੂਈ ਪੈਦਾ ਕਰਦੇ ਹਨ । ਇਸੇ ਲਈ ਸਾਰੀ ਗੁਰਬਾਣੀ ਮੁਖਤਲਿਫ ਰਾਗਾਂ ਦੇ ਸਿਰਲੇਖ ਹੇਠ ਉਸਾਰੀ ਗਈ ਹੈ । ਹੁਣ ਸਵਾਲ ਹੈ ਕਿ ਰਾਗਾਂ ਦਾ ਮਿਊਜ਼ਿਕ ਜਾਂ ਸੰਗੀਤ ਦਾ ਮਿਲਾਪ ਕਿਹੜੀ ਕਲਾਮ ਨਾਲ ਕੀਤਾ ਜਾਵੇ ? ਜੋ ਮਨੁੱਖ ਲਈ ਯਕਸੂਈ ਜਾਂ ਮਨ ਦਾ ਟਿਕਾਓ ਤਾਂ ਬਣੇ ਹੀ ਪਰ ਨਾਲ ਨਾਲ ਇਹ ਸਾਰੀ ਮਨੁੱਖਤਾ ਲਈ ਮੰਗਲ-ਮਈ ਅਤੇ ਕਲਿਆਣਕਾਰੀ ਭੀ ਹੋਵੇ ਅਤੇ ਸ਼ੁਭ ਹਦਾਇਤਾਂ ਅਤੇ ਉਪਦੇਸ਼ਾਂ ਰਾਹੀਂ ਮਨੁੱਖ ਨੂੰ ਮਾਦਾ-ਪ੍ਰਸਤੀ ਜਾਂ ਦੁਨਿਆਵੀ ਛਿਨ-ਭੰਗਰ ਐਸ਼ਾਂ ਭੋਗਾਂ ਤੋਂ ਉੱਚਾ ਉਠਾ ਕੇ ਵਾਹਿਗੁਰੂ ਪ੍ਰਮੇਸ਼-ਵਰ ਦੇ ਗੁਣ ਗਾਇਨ ਦੀ ਰੁਚੀ ਪੈਦਾ ਕਰਕੇ ਸਦੀਵੀ ਤੇ ਆਤਮਕ (ਅੰਤਰ ਮੁਖ) ਰਸ ਵਿਚ ਡੁਬੋ ਸਕੇ । ਤਾਂ ਕਿ ਸਾਡਾ ਮਨੁੱਖੀ ਜਨਮ ਭੀ ਕੁਝ ਸਫਲ ਹੋ ਸਕੇ । ਸੋ ਅਗਰ ਸੁੱਕੇ ਕਲਾਸੀਕਲ ਸੰਗੀਤ ਵੱਲ ਝਾਤ ਮਾਰੀਏ ਜਿਵੇਂ ਕਿ ਇੱਕ ਅੱਧੇ (ਗਾਇਕੀ ਦੇ ਆਸਰੇ ਲਈ) ਬੋਲ ਨੂੰ ਤਾਂ ਫ਼ਨ-ਕਾਰ ਜਾਂ ਕਲਾਕਾਰ ਦੀ ਜ਼ੁਬਾਨ ਜਾਂ ਆਵਾਜ਼ ਗਾਇਕੀ ਦੇ ਵਿੱਚੋਂ ਹੀ ਦਬਾ ਅਤੇ ਚਬਾ ਲੈਂਦੀ ਹੈ ਤਾਂ ਇਹ ਕਲਾ ਦੇ ਪੱਖੋਂ ਤਾਂ ਇਕ ਸੁਲਝੇ ਅਤੇ ਅਹਿਲ-ਨਜ਼ਰ ਸਰੋਤੇ ਨੂੰ ਕੁਝ ਰਸ ਅਤੇ ਵਕਤੀ ਯਕਸੂਈ

ਤਫ਼ਰੀਹ ਤਾਂ ਪ੍ਰਦਾਨ ਕਰੇਗਾ ਹੀ ਪਰ ਇਹ ਚੀਜ਼ ਸਿਰਫ ਅਤੇ ਸਿਰਫ ਦਿਮਾਗੀ ਲੱਜ਼ਤ ਤੱਕ ਹੀ ਮਹਿਦੂਦ ਹੋ ਕੇ ਰਹਿ ਜਾਏਗੀ ਅਤੇ ਜੇਕਰ ਹਲਕੀ ਕਲਾਸੀਕਲ ਮੌਸੀਕੀ ਵਿਚ ਭੀ ਕੋਈ ਹੋਰ ਦਾਨਿਸ਼ਮੰਦਾਂ ਅਦੀਬਾਂ ਸ਼ਾਇਰਾਂ ਆਲਿਮ ਫਾਜ਼ਿਲ ਫ਼ਲਾਸਫਰਾਂ ਸਿਆਣਿਆਂ ਦੀ ਸੰਜੀਦਾ ਕਲਾਮ ਭੀ ਗਾ ਵਜਾ ਕੇ ਸਰੋਤਿਆਂ ਨੂੰ ਪੇਸ਼ ਕਰ ਦਿੱਤੀ ਜਾਵੇ ਤਾਂ ਇਹ ਭੀ ਮੁਕਾਬਲਤਨ ਬਿਹਤਰ ਲਾਹੇ-ਵੰਦੀ ਅਤੇ ਰਾਹੇ ਰਾਸਤੀ ਦਾ ਕੁਝ ਦਰਸ ਤਾਂ ਦੇਵੇਗੀ ਹੀ ਪਰ ਇਹ ਮਨੁੱਖੀ ਮਨ ਨੂੰ ਆਤਮਕ ਮੰਡਲ ਦੇ ਰਸ ਵਿਚ ਪ੍ਰਵਿਰਤ ਨਹੀਂ ਕਰ ਸਕੇਗੀ ਭਲੇ ਹੀ ਯਕਸੂਈ ਇਕਾਗਰਤਾ ਤਾਂ ਕਿਸੇ ਹੱਦ ਤੱਕ ਇਹ ਪੈਦਾ ਕਰੇਗੀ ਹੀ ।

ਇਸ ਦੇ ਵਿਪਰੀਤ ਜੋ ਕਲਾਮ ਜਾਂ ਬੋਲ ਦੁਨਿਆਵੀ ਹੁਸਨੋ-ਇਸ਼ਕ, ਸੈਕਸੂਅਲ ਉਕਸਾਹਣ ਦੇਣ ਵਾਲੇ ਸ਼ਿੰਗਾਰ ਰਸ ਦੇ ਖਿਆਲ ਜਾਂ ਹੋਰ ਅਜਿਹੀ ਕੋਈ ਫਹਿਸ਼ ਦਿਲਲਗੀ ਦੇ ਸ਼ੇਅਰ ਜਾਂ ਮਜ਼ਾਹੀਯਾ ਗੈਰ ਮੁਹੱਜ਼ਬ ਕਵਿਤਾ ਜਾਂ ਨਜ਼ਮ ਭਾਵੇਂ ਕਲਾਸੀਕਲ ਸੰਗੀਤ ਵਿਚ ਨਮੋ-ਬੇਸ਼ ਪੇਸ਼ ਕੀਤੀ ਜਾਵੇ ਅਤੇ ਭਾਵੇਂ ਸਮੁੱਚੀ ਕਲਾਮ ਹਲਕੀ ਕਲਾਸੀਕਲ ਮੌਸੀਕੀ ਵਿਚ ਹੋਰ ਸਾਦਾ ਤਰਜ਼ਾਂ ਧੁਨੀਆਂ ਵਿਚ; ਇਨ੍ਹਾਂ ਦੀ ਲੱਜ਼ਤ ਸਵਾਦ ਤਾਂ ਸਰੋਤੇ ਦੇ ਦਿਮਾਗ ਤੱਕ ਹੀ ਮਹਿਦੂਦ ਰਹੇਗੀ ਅਤੇ ਅਖੀਰ ਕਾਮ ਬਿਰਤੀ ਹੀ ਪੈਦਾ ਕਰਦੀ ਹੋਈ ਇਹ ਮਨੁੱਖ ਨੂੰ ਖੰਦਕੇ-ਜ਼ਿੱਲਤ ਵਿਚ ਹੀ ਜਾ ਕੇ ਸੁੱਟੇਗੀ; ਭਲੇ ਹੀ ਆਰਜ਼ੀ ਯਕਸੂਈ ਭੀ ਸਰੋਤੇ ਨੂੰ ਪ੍ਰਦਾਨ ਕਰੇਗੀ । ਇਸ ਤੋਂ ਕੁਝ ਇਹ ਭੀ ਸਿੱਧ ਹੁੰਦਾ ਹੈ ਕਿ ਇਕ ਸੂਝਵਾਨ ਮਨੁੱਖ ਦੇ ਮਨ ਨੂੰ ਕੋਈ ਭੀ ਰਾਗ ਹੋਵੇ ਯਕਸੂਈ ਅਤੇ ਇਕਾਗਰਤਾ ਵਿਚ ਜ਼ਰੂਰ ਲਿਆਉਂਦਾ ਹੈ । ਕਲਾਮ ਵਿਚ ਭਾਵੇਂ (ਚੰਗੀ ਮੰਦੀ) ਕਿਹੋ ਜਿਹੀ ਵੀ ਸ਼ਾਮਿਲ ਕਰ ਲਈ ਜਾਵੇ ਉਸ ਦਾ ਚੰਗਾ ਮੰਦਾ ਅਸਰ ਤਾਂ ਮਨੁੱਖ ਅਲੱਗ ਕਬੂਲੇਗਾ ।

ਦਾਸ ਦਾ ਜ਼ਾਤੀ ਤਜ਼ਰਬਾ ਹੈ ਬਿਸਮਿਲਾ ਖਾਂ ਦੀ ਸ਼ਹਿਨਾਈ ਰੇਡੀਓ ਤੇ ਵੱਜਦੀ ਹੋਵੇ, ਜਾਂ ਅੱਲਾ-ਰੱਖੇ ਦਾ ਤਬਲਾ ਤਿੰਨ ਤਾਲ, ਲਾਹੌਰ ਰੇਡੀਓ ਤੋਂ ਜ਼ਾਹਿਦਾ ਪ੍ਰਵੀਨ ਜਾਂ ਉਸਤਾਦ ਗੁਲਾਮ ਹਸਨ ਸ਼ਗਨ ਕਲਾਸੀਕਲ ਗਾਇਕ ਧਰੁਪਦ ਗਾ ਰਿਹਾ ਹੋਵੇ ਜਾਂ ਮਾਲਕੌਂਸ ਜਾਂ ਦਰਬਾਰੀ ਇਹਨਾਂ ਚੀਜ਼ਾਂ ਦੀ ਰਾਗ ਵਿਦਿਆ ਦੀ ਗਹਿਰਾਈ ਵਿਚ ਜਾਣ ਤੋਂ ਬਗੈਰ ਹੀ ਸਰੋਤੇ ਦੇ ਕਦਮ ਕਿਧਰੇ ਜਾਂਦੇ ਜਾਂਦੇ ਤੋਂ ਰੁਕ ਜਾਂਦੇ ਹਨ ਅਤੇ ਇਹਨਾਂ ਦੇ ਬੋਲ ਆਵਾਜ਼ਾਂ ਤਾਨਾਂ ਦਿਲ ਦੀਆਂ ਗਹਿਰਾਈਆਂ ਤੱਕ ਉਤਰਨ ਲਗਦੀਆਂ ਹਨ, ਮਨ ਇਕਾਗਰ ਹੋ ਜਾਂਦਾ ਹੈ ਪਰ ਇਹ ਸਭ ਕੁਝ ਵਕਤੀ (Time being) ਹੀ ਹੈ । ਹੋਰ ਤਾਂ ਹੋਰ ਕੋਈ ਸਪਾਦਾ ਬਜ਼ਾਰ ਵਿਚ ਬੈਠਕੇ ਸੁਰ ਵਿਚ ਧੱਕੀ ਬੀਨ ਹੀ ਕਿਉਂ ਨਾ ਵਜਾ ਰਿਹਾ ਹੋਵੇ, ਸਚਾਈ ਦੀ ਗੱਲ ਹੈ : ਦਾਸ ਦੇ ਕਦਮ ਉੱਥੇ ਹੀ ਰੁਕ ਜਾਣਗੇ ਭਾਵੇਂ ਦਾਸ ਘਰ ਬੈਠੇ ਪ੍ਰਹੁਣੇ ਲਈ ਬਜ਼ਾਰੋਂ ਕੁਲਚਾ-ਪੂੜੀ ਹੀ ਕਿਉਂ ਨਾ ਲੈਣ ਆਇਆ ਹੋਵੇ ਅਤੇ ਉਹ ਘਰ ਬੈਠਾ ਤੇ ਬੇਤਾਬ ਹੁੰਦਾ ਹੋਵੇ । ਪਰ ਅਖੀਰ ਇਨ੍ਹਾਂ ਚੀਜ਼ਾਂ ਦਾ ਪ੍ਰਭਾਵ ਮਹਿਜ਼ ਦਿਮਾਗੀ ਲੱਜ਼ਤ ਤੱਕ ਹੀ ਹੁੰਦਾ ਹੈ ਪਰੰਤੂ ਇਸ ਸਚਾਈ ਤੋਂ ਵੀ ਇਨਕਾਰ ਨਹੀਂ ਕਿ ਅਜਿਹੇ ਸ਼ੌਂਕਾਂ ਨਾਲ ਕੋਈ ਮਨੁੱਖ ਦੀ ਆਕਬਤ ਜਾਂ ਪਰਲੋਕ ਨਹੀਂ ਸੁਧਰਦਾ । ਉਹ ਤਾਂ ਜੇਕਰ ਰੱਬੀ ਕਲਾਮ (ਗੁਰਬਾਣੀ) ਗਾਇਕੀ ਦੇ ਵਿਚ ਸ਼ਾਮਲ ਹੋਈ ਹੋਵੇ ਤਾਂ ਹੀ ਸੁਧਰ ਸਕਦਾ ਹੈ ਯਾਨੀ

ਗਾਇਕ ਕਲਾਮ ਗੁਰਬਾਣੀ ਵਰਤੇ ਅਤੇ ਨਾਲ ਉਸ ਵਿਚ ਹਲਕੀ ਕਲਾਸੀਕਲ ਮੌਸੀਕੀ ਰਲਾਵੇ ਫਿਰ ਸਰੋਤੇ ਸਾਹਮਣੇ ਪੇਸ਼ ਕਰੇ ਅਤੇ ਫਿਰ ਗਾਇਕ ਜਾਂ ਕਲਾਕਾਰ ਵੀ ਤਾਂ ਕੁਝ ਮਿਆਰੀ ਜੇ (Standard) ਦਾ ਹੋਵੇ ਜਿਸ ਨੇ ਬਾਕਾਇਦਾ ਕਿਸੇ ਕਾਮਿਲ ਨਾਮਵਰ ਮੁਰਸ਼ਦ ਤੋਂ ਕੁਝ ਸਿੱਖਿਆ ਵੀ ਅਮਲੀ ਰੂਪ ਵਿਚ ਬਾਕਾਇਦਾ ਰਿਆਜ਼ ਮਿਹਨਤ ਕਰਕੇ ਹਾਸਿਲ ਕੀਤੀ ਹੋਵੇ ਅਤੇ ਫਿਰ ਧੁਰੋਂ ਰੱਬੀ ਦਾਤ; ਉਸ ਦਾ ਗਲਾ ਭੀ ਤਾਂ ਕੁਝ ਗਾਉਣ ਲਾਇਕ ਹੋਵੇ ਬਕੌਲ ਗੁਰਬਾਣੀ ਇਜ ਨਾ ਹੋਵੇ ਕਿ "ਹੰਸਾਂ ਦੇਖਿ ਤਰੰਦਿਆ ਬਗਾ ਭੀ ਆਇਆ ਚਾਉ। ਡੂਬਿ ਮੂਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ।" (ਪੰਨਾ 1384 ਸਲੋਕ ਫਰੀਦ ਜੀ) ਇਸੇ (ਗਲੇ) ਦੇ ਸੰਬੰਧ ਵਿਚ ਪੰਚਮ ਪਾਤਸ਼ਾਹ ਦਾ ਇਹ ਫੁਰਮਾਣ ਵੀ ਕਾਬਲੇ ਗੌਰ ਹੈ "ਬਿਨੁ ਵਾਜੇ ਕੈਸੋ ਨਿਰਤਕਾਰੀ। ਬਿਨੁ ਕੰਠੈ ਕੈਸੇ ਗਾਵਨਹਾਰੀ। ਜੀਲ ਬਿਨਾ ਕੈਸੇ ਬਜੈ ਰਬਾਬ। ਨਾਮ ਬਿਨਾ ਬਿਰਥੇ ਸਭਿ ਕਾਜ।" (ਭੈਰਉ 5, ਪੰਨਾ 1140) ਸੰਗੀਤ ਦੀ ਪੱਕੀ ਚਾਸ਼ਨੀ ਵਿਚ ਤਰ ਕੀਤੀ ਰੱਬੀ ਸਿਫਤ ਸਲਾਹ ਹੀ ਅਸਲ ਕੀਰਤਨ ਹੈ। ਨਿਰਾ ਹਰੇ ਹਰੇ, ਪ੍ਰਭੂ ਪ੍ਰਭੂ, ਰਾਮ ਰਾਮ ਕਰਦੇ ਰਹੀਏ, ਭਲਾ ਤਾਂ ਇਸਦੇ ਵਿਚ ਭੀ ਬਹੁਤ ਹੈ ਪਰ ਇੰਜ ਜਲਦੀ ਮਨ ਵਿਚ ਟਿਕਾਉ ਯਕਸੂਈ ਨਹੀਂ ਆਵੇਗੀ। ਉਬਲੀ ਜਾਂ ਕੱਚੀ ਗਾਜਰ ਖਾਈਏ ਤਾਂ ਹਿਕਮਤ ਜਾਂ ਇਲਮੇਤਿਬ ਦੇ ਪੱਖੋਂ ਇਹ ਭੀ ਗੁਣਕਾਰੀ ਹੈ—ਪਰ ਜੇ ਮਰੀਜ ਮੁਰੱਬਾ ਗਾਜਰ ਖਾਵੇ ਤਾਂ ਕਿਆ ਕਹਿਣੇ।

ਸੋ ਆਖੀਰ ਨਿਰਣੇ ਦੀ ਗੱਲ ਇਹ ਹੀ ਭਾਸਦੀ ਹੈ ਕਿ ਜਦ, ਕਲਾਸੀਕਲ ਸੰਗੀਤ (Light Classical Music) ਅਤੇ ਵਾਹਿਗੁਰੂ ਨਾਲ ਇਕ ਸੁਰ ਹੋਈਆਂ ਪੁੱਗੀਆਂ ਰੂਹਾਂ ਦੀ (ਮੁਤੱਬਰਕ ਕਲਾਮ) ਗੁਰਬਾਣੀ ਦੇ ਸਹਾਰੇ ਸਹੀ ਢੰਗ ਨਾਲ ਸਰੋਤਿਆਂ ਦੇ ਸਨਮੁੱਖ ਗਾ-ਵਜਾਕੇ ਕੀਰਤਨ ਦੀ ਸ਼ਕਲ ਵਿਚ ਪੇਸ਼ ਕੀਤੀ ਜਾਵੇ ਤਾਂ ਆਪਣੇ ਆਪ ਇਕ ਤਾਂ ਇਹ ਗਾਇਕ (ਕੀਰਤਨ-ਕਾਰ) ਅਤੇ ਦੂਸਰੇ ਸਰੋਤੇ ਲਈ ਯਕਸੂਈ ਰਸ ਆਨੰਦ ਦੇਣ ਦੇ ਨਾਲ ਨਾਲ ਸ਼ੁਭ ਫਲਦਾਇਕ ਹੁੰਦੀ ਹੋਈ ਦੋਨਾਂ ਲਈ ਇਬਾਦਤ ਦਾ ਦਰਜਾ ਵੀ ਰੱਖੇਗੀ। ਇਸ ਤੋਂ ਇਲਾਵਾ ਨਾਲ ਨਾਲ ਦੀਨ ਅਤੇ ਦੁਨੀਆਂ ਦੋਨਾਂ ਨੂੰ ਸਵਾਰਨ ਦਾ ਉਪਰਾਲਾ ਜਾਂ ਵਸੀਲਾ ਬਣੇਗੀ ਮਸਲਨ ਸਾਡੇ ਜੀਵਾਂ ਦੀ ਗਫਲਤ ਅਤੇ ਮੁਖਤਲਿਫ ਬੁਰਾਈਆਂ, ਰੰਜਿਸ਼ਾਂ, ਖੋਟੀਆਂ ਇਲਤਾਂ, ਤਕੱਬੁਰ, ਬਦ ਕਲਾਮੀ, ਕਾਮ ਵਾਸ਼ਨਾਵਾਂ, ਐਸ਼ਾਂ ਭੋਗਾਂ ਦੇ ਸਾਜ਼ੋ ਸਮਾਨ ਨਾਲ ਲਗਾਓ, ਲੋਭ ਬਿਰਤੀ ਆਦਿਕ ਵਲੋਂ ਚਿਤਾਵਨੀ ਅਤੇ ਸਹੀ ਮਾਰਗ ਦੀ ਪ੍ਰੇਰਨਾ, ਸਮੇਂ ਦੀ ਅਹਿਮੀਅਤ ਅਤੇ ਕੀਮਤ ਅਤੇ ਇਸ ਦੀ ਬਰ-ਮੌਕੇ ਸੰਭਾਲ ਦਾ ਉਪਦੇਸ਼, ਮਾਇਆ ਵਸ ਫਸੇ ਜੀਵ ਨੂੰ ਉਸ ਦੀ ਕਲਿਆਣ ਲਈ ਉੱਚਾ ਉਠਾਉਣ ਦਾ ਯਤਨ, ਗੁਰੂ ਮਹਿਮਾ ਯਾਨੀ ਕਾਮਿਲ ਮੁਰਸ਼ਦ ਦੀ ਫਜ਼ੀਲਤ ਅਤੇ ਉਸ ਦੀ ਪ੍ਰਮਾਰਥ ਵਿਚ ਅਹਿਮੀਅਤ, ਖੁਦਗਰਜ਼ੀ ਕੰਜੂਸੀ ਤਿਆਗਦੇ ਹੋਇ ਯਥਾ ਸ਼ਕਤ ਮਨੁੱਖ ਮਾਤਰ ਦੀ ਸੇਵਾ ਵਿਚ ਮਨ ਲਗਾਉਣ ਦੀ ਜੀਵਨ ਜਾਚ, ਨਾਮ ਮਹਿਮਾ ਅਤੇ ਰੱਬੀ ਯਾਦ ਪਿਆਰ ਵਾਹਿਗੁਰੂ ਦੀ ਸਿਫਤੋ ਸਲਾਹ ਅਤੇ ਸਿਮਰਨ ਲਈ ਪ੍ਰੇਰਨਾ ਅਤੇ ਤਲਕੀਨ ਅਤੇ ਹੋਰ ਰਾਹਿ ਰਾਸਤੀ (ਸ਼ੁਭ ਆਚਰਣ) ਦੇ ਅਨੇਕਾਂ ਉਪਦੇਸ਼ ਇਤਿਆਦਿਕ। ਹਾਂ ! ਇਹ ਕੁਝ ਅੱਖਰ ਤਾਂ ਦਾਸ ਨੇ ਇਸ ਮਜ਼ਮੂਨ ਦੀ ਭੂਮਿਕਾ ਦੇ ਤੌਰ

ਤੌ ਅਰਜ਼ ਕੀਤੇ ਹਨ, ਹੁਣ ਦਾਸ ਅਸਲੀ ਮਜ਼ਮੂਨ ਵੱਲ ਰੁਖ ਕਰਦਾ ਹੈ, ਯਾਨਿ ਕਿ ਉੱਘੇ ਉੱਘੇ ਪੁਰਾਤਨ ਕੀਰਤਨਕਾਰਾਂ (ਕਲਾਕਾਰਾਂ) ਦੀ ਦਾਸਤਾਨ। ਇਹ ਮਜਮੂਨ ਕਿਉਂਕਿ ਲੰਮਾ ਹੁੰਦਾ ਜਾਪ ਰਿਹਾ ਹੈ ਅਤੇ ਦਾਸ ਮਹਿਸੂਸ ਕਰਦਾ ਹੈ ਕਿ ਪਾਠਕ ਸੱਜਣ ਕਿਧਰੇ ਉਕਤਾ ਹੀ ਨਾ ਜਾਣ ਜਾਂ ਬੋਰ ਹੀ ਨਾ ਹੁੰਦੇ ਹੋਣ। ਇਸ ਲਈ ਫਿਲਹਾਲ ਇੱਥੇ ਸਿਰਫ ਰਬਾਬੀ ਕੀਰਤਨਕਾਰ ਫਨਕਾਰਾਂ ਦਾ ਹੀ ਜ਼ਿਕਰ ਕੀਤਾ ਜਾਵੇਗਾ। ਬਾਕੀ ਰਾਗੀ ਸੱਜਣ ਉੱਘੇ ਉੱਘੇ ਕੀਰਤਨਕਾਰਾਂ ਦਾ ਜ਼ਿਕਰ ਕਿਸੇ ਅਗਲੀ ਕਿਸ਼ਤ ਵਿੱਚ ਕੀਤਾ ਜਾਵੇਗਾ। ਬਹਰ-ਹਾਲ ਪਾਠਕਾਂ ਦਾ ਧੰਨਵਾਦ। ਹਾਂ ! ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਕੌਲ ਭਾਈ ਗੁਰਦਾਸ ਜੀ "ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।" ਸਭ ਤੋਂ ਪਹਿਲੇ ਇਰਾਨੀ ਸਾਜ਼ ਰਬਾਬ ਦੇ ਕੇ ਭਾਈ ਮਰਦਾਨੇ ਨੂੰ ਬਖਸ਼ਿਸ਼ ਕਰਕੇ ਆਪਣਾ ਸਾਥ ਬਣਾਇਆ। ਫਿਰ ਓਦੋਂ ਤੋਂ ਹੀ ਇਹ ਰਬਾਬੀ ਸੱਜਣ ਗੁਰੂ ਘਰ ਨਾਲ ਜੁੜੇ ਰਹੇ। ਅਤੇ ਇਵੇਂ ਹੀ ਇਹ ਸਿਲਸਲਾ ਆਖੀਰ ਸੰਨ 1947 ਪਾਰਟੀਸ਼ਨ ਦੇ ਸਮੇਂ ਤੱਕ ਚਲਦਾ ਰਿਹਾ। ਵੈਸੇ ਅਸਲੀਅਤ ਤਾਂ ਇਹ ਹੈ ਕਿ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਬਖਸ਼ਿਸ਼ ਦੁਆਰਾ ਵਸਾਇਆ ਸ੍ਰੀ ਅੰਮ੍ਰਿਤਸਰ ਨਗਰ ਪੁਰਾਤਨ ਸਮੇਂ ਤੋਂ ਹੀ ਰਬਾਬੀ ਕੀਰਤਨ ਕਾਰਾਂ, ਫਨਕਾਰਾਂ, ਕਲਾਕਾਰਾਂ ਦਾ ਗੜ੍ਹ ਰਿਹਾ ਹੈ। ਲਾਹੌਰ ਵਿਚ ਵੀ ਕਾਫੀ ਰਬਾਬੀ ਸੱਜਣ ਰਹਿੰਦੇ ਸੁਣੇ ਗਏ ਸਨ।

ਸਭ ਤੋਂ ਪਹਿਲੇ ਗਾਲਬਨ ਸੰਨ 1926-27 ਦੀ ਗੱਲ ਹੈ ਜਦ ਕਿ ਉਦੋਂ ਦਾਸ ਦੀ ਆਯੂ 10 ਕੁ ਸਾਲ ਦੀ ਹੋਵੇਗੀ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਘੰਟਾ ਘਰ ਸਾਈਡ ਪ੍ਰਕਰਮਾਂ ਵਿੱਚ ਬੈਠੇ ਇਕ ਰਬਾਬੀ ਜਥੇ ਵੱਲ ਦਾਸ ਨੇ ਗਹੁ ਕੀਤਾ, ਜੋ ਕਿ ਉੱਥੇ ਰੋਜ਼ਾਨਾ ਸ਼ਾਮ ਪੰਜ ਕੁ ਵਜੇ ਬੈਠ ਕੇ ਨਿੱਤ ਨਵੀਆਂ ਤਰਜ਼ਾਂ ਵਿਚ ਗਾ-ਵਜਾ ਕੇ ਗੁਰੂ ਇਤਿਹਾਸ ਸਾਖੀ ਪ੍ਰਸੰਗ ਆਦਿਕ ਡੇਢ ਕੁ ਘੰਟਾ ਸੁਣਾਇਆ ਕਰਦਾ ਸੀ; ਜਿਸ ਦੇ ਅੱਗੇ ਮਰਦ ਤੇ ਤੀਵੀਂਆਂ ਕਾਫੀ ਸੰਗਤ ਬਤੌਰ ਸਰੋਤੇ ਰੋਜ਼ਾਨਾ ਬੈਠਦੀ ਸੀ। ਵੈਸੇ ਤਾਂ ਪ੍ਰਕਰਮਾਂ ਵਿੱਚ ਹੋਰ ਅਗਾਂਹ ਬ੍ਰਹਮ ਬੂਟੇ ਅਖਾੜੇ ਦੀ ਸਾਈਡ ਤੱਕ ਕੁਝ ਹੋਰ ਇਕ ਦੋ ਰਬਾਬੀ ਜਥੇ ਵੀ ਇਵੇਂ ਹੀ ਬੈਠਦੇ ਸਨ ਅਤੇ ਦੀਵਾਲੀ ਵਿਸਾਖੀ ਦੇ ਮੇਲਿਆਂ ਦੇ ਦਿਨਾਂ ਵਿਚ ਤਾਂ ਕੁਝ ਹੋਰ ਰਬਾਬੀ ਜਥੇ ਭੀ ਆ ਕੇ ਪ੍ਰਕਰਮਾਂ ਵਿਚ ਬੈਠ ਕੇ ਸਾਖੀ ਪ੍ਰਸੰਗ ਦੀ ਸ਼ਕਲ ਵਿਚ ਸੰਗਤ ਨੂੰ ਗੁਰੂ ਜਸ ਸੁਣਾਉਂਦੇ ਸਨ। ਪਰ ਪ੍ਰਭਾਵਸ਼ਾਲੀ ਸੰਗੀਤਕ ਰਸ ਭਰਪੂਰ ਗਾਇਕੀ ਅਤੇ ਵਿਆਖਿਆ ਇਸੇ ਘੰਟਾ ਘਰ ਲਾਗੇ ਬੈਠੇ ਰਬਾਬੀ ਜਥੇ ਦੀ ਹੀ ਹੁੰਦੀ ਸੀ। ਸੋ ਦਾਸ ਵੀ ਇਨ੍ਹਾਂ ਦੀ ਗਾਇਕੀ-ਕਥਨੀ ਤੋਂ ਬੜਾ ਰਸ ਮਾਣਦਾ। ਸਚਾਈ ਤਾਂ ਇਹ ਹੈ ਕਿ ਇਹ ਰਬਾਬੀ ਸੱਜਣ ਅਕਸਰ ਆਪਣੀ ਜਾਨ-ਤੋੜ ਕਲਾ ਦੇ ਸਹਾਰੇ ਆਮ ਅਣਜਾਣ ਯਾਤਰੂਆਂ ਤੇ ਲੋਕਲ ਅੰਮ੍ਰਿਤਸਰ ਦੇ ਸਤ-ਸੰਗੀਆਂ ਨੂੰ ਆਪਣਾ ਪੱਕਾ ਸਰੋਤਾ ਬਣਾ ਲੈਂਦੇ ਸਨ। ਫਿਰ ਜਦ ਅਜਿਹੇ ਸਰੋਤੇ ਇਨ੍ਹਾਂ ਦੀ ਫਨਕਾਰੀ ਰਾਹੀਂ ਰਸ ਅਤੇ ਆਨੰਦ ਮਹਿਸੂਸ ਕਰਦੇ ਤਾਂ ਇਨ੍ਹਾਂ ਨੂੰ ਉਹ ਬਗੈਰ ਮੰਗੇ ਗਾਹੇ ਬਗਾਹੇ ਕੁਝ ਹੱਥੋਂ ਝੜਦੇ ਰਹਿੰਦੇ ਅਤੇ ਇਨ੍ਹਾਂ ਨਾਲ ਇੰਜ ਸਨੇਹ ਗੂੜਾ ਹੁੰਦਾ ਰਹਿੰਦਾ। ਇਸ ਰਬਾਬੀ ਜਥੇ ਦੇ ਇੰਚਾਰਜ ਦਾ ਸ਼ੁਭ ਨਾਮ ਭਾਈ ਫ਼ਜ਼ਲ ਰਬਾਬੀ ਸੀ ਜੋ ਕੁਝ ਗਿਣਤੀ ਮਿਣਤੀ ਦੇ ਗੁਰਬਾਣੀ ਸ਼ਬਦ ਭੀ ਵਿਚ ਵਿਚ ਜ਼ਬਾਨੀ ਗਾ ਲੈਂਦਾ ਸੀ।

ਦਰਬਾਰ ਸਾਹਿਬ ਕਮੇਟੀ ਦਾ ਕੋਈ ਮੁਲਾਜ਼ਮ ਰਬਾਬੀ ਯਾ ਰਾਗੀ ਸੱਜਣ ਕਦੇ ਇਤਫ਼ਾਕੀਆ ਜ਼ਰੂਰੀ ਕੰਮ ਯਾ ਬੀਮਾਰੀ ਕਾਰਨ ਡਿਊਟੀ ਤੇ ਖ਼ਰ-ਮੌਕਿਆ ਹਰਿਮੰਦਰ ਸਾਹਿਬ ਅੰਦਰ ਨਾ ਪਹੁੰਚਦਾ ਤਾਂ ਸੇਵ ਦਾਰ ਇਸੇ ਸੱਜਣ ਨੂੰ ਇਵਜ਼ੀ ਵਿਚ ਬੁਲਾ ਲੈਂਦੇ ਯਾ ਕਹਿ ਦੇਂਦੇ ਕਿ ਤੁਸਾਂ ਤਿੰਨ ਦਿਨ ਹਰਿਮੰਦਰ ਸਾਹਿਬ ਅੰਦਰ ਦੁਪਹਿਰ ਡੇਢ ਤੋਂ ਤਿੰਨ ਵਜੇ ਤੱਕ ਡਿਊਟੀ ਦੇਣੀ ਹੋਵੇਗੀ। ਕਿਉਂਕਿ ਇਸ ਸੱਜਣ ਨੇ ਸਭ ਤੋਂ ਪਹਿਲੇ ਆਪਣੀ ਕਲਾਕਾਰੀ ਦਾ ਚਸਕਾ ਲਾ ਕੇ ਦਾਸ ਨੂੰ ਇਸ ਉੱਤਮ ਪਾਸੇ ਵੱਲ ਪ੍ਰੇਰਿਤ ਕੀਤਾ ਇਸ ਲਈ ਦਾਸ ਦੇ ਦਿਲ ਵਿਚ ਇਸ ਲਈ ਬਹੁਤ ਇੱਜ਼ਤ, ਕਦਰ ਅਤੇ ਪਿਆਰ ਸੀ। ਉਂਜ ਤਾਂ ਪਬਲਿਕ ਦੇ ਰੂ-ਬ-ਰੂ ਕੀਰਤਨ ਕਰਨ ਵਾਲੇ ਸਾਰੇ ਰਬਾਬੀ ਸੱਜਣ ਅਕਸਰ ਦੁੱਧ ਧੋਤਾ ਸਫੈਦ ਸਾਦਾ ਲਿਬਾਸ ਪਹਿਨਦੇ ਸਨ ਅਤੇ ਬੜੀ ਸ਼ਰੀਫ਼ਾਨਾ ਸਫੈਦ ਪਗੜੀ ਹੀ ਬੰਨ੍ਹਦੇ ਸਨ ਪਰ ਇਹ ਸੱਜਣ ਆਮ ਤੌਰ ਤੇ ਗੂੜ੍ਹੀ ਗਰੀਨ ਮੂੰਗੀਆ ਕਲਰ ਦੀ ਪਗੜੀ ਬੰਨ੍ਹਿਆ ਕਰਦੇ ਸਨ। ਸਰਦੀ ਦੇ ਮੌਸਮ ਵਿਚ ਇਹ ਸੱਜਣ ਅਕਸਰ ਬੰਦ ਗਲਮੇ ਦਾ ਕੋਟ ਪਹਿਨਦੇ ਸਨ ਅਤੇ ਬਾਰਾਂ ਮਹੀਨੇ ਲੱਠੇ ਦਾ ਚੂੜੀਦਾਰ ਪਜਾਮਾ ਜਾਂ ਵਿਚ ਵਿਚ ਸਲਵਾਰ ਵੀ ਪਹਿਨਦੇ ਸਨ।

ਭਾਈ ਫਜ਼ਲ ਜੀ ਇਤਿਹਾਸਕ ਬੋਲਾਂ ਯਾ ਕਵਿਤਾਵਾਂ ਦੀ ਵਿਆਖਿਆ ਭੀ ਸੰਗੀਤ ਦੀ ਕੁਝ ਚਾਸ਼ਨੀ ਵਿਚ ਗਲੇਫ਼ ਕੇ ਹੀ ਕਰਦੇ ਸਨ। ਕਥਾ ਨਹੀਂ ਸਨ ਕਰਦੇ। ਆਪ ਜੀ ਦੀ ਆਵਾਜ਼ ਬੜੀ ਬੁਲੰਦ ਸੀ ਤੇ ਸੁਰੀਲੀ ਭੀ। ਆਪ ਜੀ ਦਾ ਜਥਾ ਬੁਲਾਏ ਜਾਣ ਤੇ, ਚਲ ਵਸੇ ਪ੍ਰਾਣੀ ਦੀ ਅਰਥੀ ਜਲਾਉਣ ਸਮੇਂ ਸਮਸ਼ਾਨ ਚਾਟੀਵਿੰਡ ਗੇਟ ਅੰਮ੍ਰਿਤਸਰ ਭੀ ਪੁੱਜ ਜਾਂਦਾ ਅਤੇ ਉਥੇ ਆਪ ਜੀ ਜਦ ਕੁਝ ਗੁਰਬਾਣੀ ਵਿਚੋਂ ਤੇ ਕੁਝ ਬਾਹਰਲੀ ਕਲਾਮ ਵਿੱਚੋਂ ਵੈਰਾਗ-ਮਈ ਕਲਾਮ ਯਾ ਬੋਲ ਗਾ-ਵਜਾ ਕੇ ਸੁਣਾਉਂਦੇ ਤਾਂ ਉੱਥੇ ਹਾਜ਼ਰ ਲੋਕਾਂ ਦੇ ਨੇਤਰਾਂ 'ਚੋਂ ਬਦੋ-ਬਦੀ ਜਲ ਡਿੱਗਣ ਲੱਗ ਪੈਂਦਾ, ਗਲੇ ਭਰ ਆਉਂਦੇ ਅਤੇ ਭਾਵੇਂ ਉਥੇ Time being (ਵਕਤੀ) ਹੀ ਸਹੀ, ਦੁਨੀਆਂ ਯਾ ਸੰਸਾਰਕ ਸੁੱਖ ਫਿੱਕੇ ਭਾਸਣ ਲਗਦੇ। ਸੋਗ ਮਈ ਧੁਨ ਵਿਚ ਆਪ ਜੀ ਇਕ ਰਬਾਬੀ ਘਰਾਣੇ ਦੀ ਪੁਰਾਣੀ ਰਹੁ-ਰੀਤ ਅਨੁਸਾਰ ਉੱਥੇ ਅਲਾਹੁਣੀਆਂ ਭੀ ਪੜ੍ਹਕੇ ਸੁਣਾਉਂਦੇ। ਦਾਸ ਨੇ ਇਸ ਸੱਜਣ ਦੀ ਜਵਾਨੀ ਭੀ ਤੱਕੀ ਸੀ ਤੇ ਲਾਹੌਰ (ਪਾਕਿਸਤਾਨ) ਸੰਨ 1954-55 ਵਿਚ ਦਾਸ ਜਦ ਇਕ ਵਾਰ ਗਿਆ ਤਾਂ ਸਗ਼ਾਨਗੜ੍ਹਵਾਸੀ ਭਾਈ ਚਾਂਦ ਜੀ ਦੇ ਲੜਕੇ ਰਾਹੀਂ ਦਾਸ ਨੇ ਇਸ ਨੂੰ ਕਟੜੀ ਬਾਵੇ ਦੀ ਤੋਂ ਮਿਲਣ ਲਈ ਬੁਲਾਇਆ। ਆਪ ਜੀ ਗੁਰਬਤ ਦੀ ਹਾਲਤ ਵਿਚ ਬੁਢੇਪੇ ਕਾਰਨ ਹੱਥ ਵਿਚ ਸੋਟੀ ਫੜ ਕੇ ਤੇ ਨਜ਼ਰ ਕਮਜ਼ੋਰ ਕਾਰਨ ਆਪਣੇ ਪੋਤਰੇ ਦੀ ਪਿੱਠ ਤੇ ਹੱਥ ਰੱਖ ਕੇ ਬਾਹਰ ਆਏ। ਵੇਖਦੇ ਸਾਰ ਦਾਸ ਦੀਆਂ ਅੱਖਾਂ ਤਰ ਹੋ ਗਈਆਂ ਅਤੇ ਦੁੱਖ ਮਹਿਸੂਸ ਕਰਦੇ ਹੋਏ ਗਲੇ 'ਚੋਂ ਦਾਸ ਦੀ ਆਵਾਜ਼ ਨਾ ਚੱਜ ਨਾਲ ਨਿਕਲ ਸਕੀ। ਹੁਣ ਇਹ ਇਬਾਰਤ ਲਿਖਦੇ ਲਿਖਦੇ ਭੀ ਦਾਸ ਦੀ ਮਾਨਸਿਕ ਅਵਸਥਾ ਤਕਰੀਬਨ ਉਵੇਂ ਹੀ ਹੋ ਰਹੀ ਹੈ। ਹਾਂ! ਤਾਂ ਕੁਝ ਕੁ ਸਾਲ ਦਾਸ ਇਵੇਂ ਹੀ ਇਸ ਸੱਜਣ ਤੋਂ ਦਰਜਨਾਂ ਸਾਖੀ ਪ੍ਰਸੰਗ ਅਤੇ ਗੁਰ-ਇਤਿਹਾਸ ਸੁਣਦਾ ਰਿਹਾ। ਫਿਰ ਇਸ ਤੋਂ ਬਾਅਦ ਬਤੌਰ ਸਰੋਤਾ ਹੀ ਦਾਸ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੋ ਰਹੇ ਕੀਰਤਨ ਨੂੰ ਬੜੇ ਚਾਅ ਅਤੇ ਲਗਾਓ ਵਿਚ ਸ਼ਰਧਾ-ਪ੍ਰੇਮ ਨਾਲ ਸੁਣਨ ਲੱਗ ਪਿਆ। ਵਾਜ਼ਹਿ ਰਹੇ ਕਿ ਦਾਸ ਸੰਨ

1926-27 ਤੋਂ ਹੁਣ ਤੱਕ ਸਿਰਫ ਸਰੋਤਾ ਹੀ ਰਿਹਾ ਹੈ। ਦਾਸ ਨਾ ਕੋਈ nominal ਹੀ ਕਲਾਕਾਰ ਹੈ ਅਤੇ ਨਾ ਹੀ ਅਜੇ ਤੱਕ ਕਿਸੇ ਤੋਂ ਕੀਰਤਨ-ਕਾਰੀ ਦਾ ਦਰਸ ਹੀ ਲੀਤਾ ਹੈ। ਇਸ ਲਈ ਦਾਸ ਇੱਥੇ ਸੰਗੀਤ ਅਤੇ ਰਾਗ ਰਾਗਨੀਆਂ ਜਾਂ ਤਾਲ ਆਦਿਕਾਂ ਦੇ ਅਥਾਹ ਸਮੁੰਦਰ ਵਿਚ ਹੱਥ ਪੱਥ ਨਹੀਂ ਮਾਰੇਗਾ ਅਤੇ ਨਾ ਹੀ ਇਸ ਟੈਕਨੀਕਲ ਗਰਾਮਰ ਜਾਂ ਅਨੈਲੇਸਿਜ਼ ਵਿਚ ਪੈਣ ਦੀ ਅਣਜਾਣ ਹੁੰਦੇ ਹੋਏ ਬੇ-ਲੋੜੀ ਹਮਾਕਤ ਕਰੇਗਾ। ਇਸ ਲਈ ਪਾਠਕ ਜਨ ਖਿਮਾਂ ਕਰਨਗੇ। ਪਰ ਇਕ ਗੱਲ ਹੈ ! ਕਿ ਬੱਚੇ ਹੱਥ ਜੇਕਰ ਰਸਗੁੱਲਾ ਦੇ ਦੇਈਏ ਅਤੇ ਉਸਨੂੰ ਉਸ ਦੇ ਬਣਾਉਣ ਬਾਰੇ ਜਾਂ ਚੀਜ਼ ਸਮਾਨ ਵਜਨ ਮਿਕਦਾਰ ਦਾ ਨਾ ਭੀ ਪਤਾ ਹੋਵੇ ਤਾਂ ਭੀ ਰਸਗੁੱਲੇ ਦੇ ਸਵਾਦ ਜਾਂ ਰਸ ਤੋਂ ਤਾਂ ਇਨਕਾਰ ਨਹੀਂ ਹੋ ਸਕਦਾ। This is without prejudice.

ਹੁਣ ਸਭ ਤੋਂ ਪਹਿਲੇ ਦਾਸ ਇਕ ਅਜਿਹੇ ਉਸਤਾਦੇ-ਆਜ਼ਮ ਸੰਗੀਤ ਸਾਗਰ ਫ਼ਖਰੇ-ਪੰਜਾਬ ਪ੍ਰੋਫੈਸਰ ਜਿਹੇ ਖਿਤਾਬ ਪੰਜਾਬ ਵਿਚੋਂ ਪ੍ਰਾਪਤ ਕਰਨ ਵਾਲੇ ਕਲਾਕਾਰ ਸਵਰਗਵਾਸੀ ਭਾਈ ਲਾਲ ਜੀ ਰਬਾਬੀ ਦਾ ਜ਼ਿਕਰ ਇੱਥੇ ਕਰਦਾ ਹੈ, ਜਿਸ ਦਾ ਹਰ ਗਾਇਕ ਸੱਜਣ ਭਾਵੇਂ ਉਹ ਸ਼ਾਗਿਰਦ ਹੋਵੇ ਜਾਂ ਕਿਸੇ ਦਾ ਉਸਤਾਦ ਲੋਹਾ ਮੰਨਦਾ ਸੀ। ਇਸ ਸੱਜਣ ਨੇ ਭਾਵੇਂ ਦਾਸ ਦੀ ਹੋਸ਼ ਵਿਚ ਕਦੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ਼ਬਦ ਕੀਰਤਨ ਤਾਂ ਨਹੀਂ ਕੀਤਾ ਪਰ ਇਹ ਸੱਜਣ ਰਬਾਬੀ ਕੌਮ ਵਿਚ ਬੇ-ਹਦ ਮਕਬੂਲ ਸਨ। ਜਿਸੇ ਗਾਇਕ ਕਲਾਕਾਰ ਨੇ ਸਿੱਖਿਆ ਭਾਵੇਂ ਕਿਸੇ ਹੋਰ ਤੋਂ ਹੀ ਲਈ ਹੁੰਦੀ ਪਰ ਫਿਰ ਭੀ ਇਨ੍ਹਾਂ ਨੂੰ ਆਪਣਾ ਉਸਤਾਦ ਮੰਨ ਲੈਣ ਵਿਚ ਗੌਰਵਤਾ ਮਹਿਸੂਸ ਕਰਦਾ। ਆਪ ਜੀ ਕਿਉਂਕਿ ਮੇਰੀ ਜਾਨ ਤੋਂ ਪਿਆਰੇ ਪਰਮ ਮਿੱਤਰ ਜਾ ਪਿਆਰ ਸਨੇਹ ਵਜੋਂ ਵੱਡੇ ਭਰਾਤਾ ਭਾਈ ਸਾਹਿਬ ਭਾਈ ਚਾਂਦ ਜੀ ਦੇ ਭੀ ਉਸਤਾਦ ਸਨ ਅਤੇ ਦਾਸ ਦੇ ਇਕ ਹੋਰ ਮਿੱਤਰ ਅੰਮ੍ਰਿਤਸਰ ਦੇ top ਬੈਂਡ ਮਾਸਟਰ ਖਾਂ ਸਾਹਿਬ ਆਲਮਗੀਰ ਪੁੱਤਰ ਸ੍ਰੀ ਜਹਾਂਗੀਰ ਅਸਲੀ ਦੇ ਭੀ ਉਸਤਾਦ ਸਨ। ਇਸ ਸੰਬੰਧ ਵਿੱਚ ਹੀ ਆਪ ਜੀ ਦਾਸ ਦੇ ਵੀ ਬਹੁਤ ਨਜ਼ਦੀਕ ਸਨ ਅਤੇ ਖੁਦ ਇਹ ਸਵਰਗਵਾਸੀ ਪੰਡਿਤ ਪੂਜਯ ਭਾਸਕਰ ਰਾਓ ਜੀ ਦੇ ਸ਼ਾਗਿਰਦ ਸਨ ਅਤੇ ਗ਼ਾਲਬਨ ਪੰਡਿਤ ਦਲੀਪ ਚੰਦ ਜੀ ਬੇਦੀ ਇਨ੍ਹਾਂ ਦੇ ਗੁਰ-ਭਾਈ ਹੀ ਸਨ। ਅੰਮ੍ਰਿਤਸਰ ਵਿਚ ਤਾਂ ਆਪ ਜੀ ਗਾਹੇ-ਬਗਾਹੇ ਮਿਲਦੇ ਹੀ ਰਹੇ ਪਰ ਦਾਸ ਸੰਨ 1954-56 ਵਿਚ ਆਪ ਜੀ ਨੂੰ ਲਾਹੌਰ ਜਾ ਕੇ ਭੀ ਮਿਲਿਆ ਅਤੇ ਉਪਰੋਕਤ ਭਾਈ ਫ਼ਜ਼ਲ ਤੋਂ ਇਲਾਵਾ ਦਾਸ ਉੱਥੇ ਮੀਆਂ ਆਲਮਗੀਰ ਖਾਂ ਨੂੰ ਭੀ ਮਿਲਿਆ ਅਤੇ ਸਵ: ਭਾਈ ਚਾਂਦ ਜੀ ਦੇ ਘਰ ਇਕ ਰਾਤ ਰਿਹਾ। ਪਾਕਿਸਤਾਨ ਬਣਨ ਤੋਂ ਬਾਅਦ ਇਹ ਸੱਜਣ ਲਾਹੌਰ ਜਾ ਕੇ ਰੇਡੀਓ ਪਾਕਿਸਤਾਨ ਦੇ ਕਲਾਸੀਕਲ ਸੁਪਰਵਾਈਜ਼ਰ ਦੀ ਪੋਸਟ ਤੇ ਫਿੱਟ ਹੋ ਗਏ। ਇਨ੍ਹਾਂ ਦਾ ਲੜਕਾ ਉਸਤਾਦ ਗ਼ੁਲਾਮ ਹਸਨ ਹੁਣ ਭੀ ਰੇਡੀਓ ਅਤੇ ਟੀ. ਵੀ. ਲਾਹੌਰ ਤੇ ਕਲਾਸੀਕਲ ਗਾਇਨ ਤੇ ਧ੍ਰੁਪਦ ਆਦਿਕ ਗਾਇਨ ਕਰਦੇ ਹਨ। ਭਾਈ ਲਾਲ ਮਜ਼ਕੂਰ ਜੀ ਦੀ ਚਿੱਠੀ-ਪੱਤਰ ਭੀ ਸੰਨ 1949-1960 ਤੱਕ ਦਾਸ ਪਾਸ ਮੌਜੂਦ ਹਨ।

(ਚਲਦਾ)

# ਕੀਰਤਨ ਨਿਰਮੋਲਕ ਹੀਰਾ

ਗਿ: ਵਰਿਯਾਮ ਸਿੰਘ,
ਪ੍ਰਿੰ: ਗੁਰਮਤਿ ਆਦਰਸ਼ ਕਾਲਜ, ਰਾਜਪੁਰਾ

ਦਾਸ ਨੂੰ ਅੰਮ੍ਰਿਤ ਕੀਰਤਨ ਦੇ ਦੋ ਰਸਾਲੇ ਪੜ੍ਹਨ ਤੇ ਵਿਚਾਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮਨ ਨੂੰ ਬੜੀ ਪ੍ਰਸੰਨਤਾ ਹੋਈ ਜੋ ਮੇਰੀ ਕਈ ਸਾਲਾਂ ਤੋਂ ਇਹ ਭਾਵਨਾ ਸੀ ਕਿ ਗੁਰੂ ਕੀ ਬਾਣੀ ਗੁਰੂ ਕੀ ਦੱਸੀ ਮਰਯਾਦਾ ਅਨੁਸਾਰ ਹੀ ਗਾਇਨ ਕੀਤੀ ਜਾਵੇ ਤਾਂ ਗੁਰੂ ਕੀ ਖੁਸ਼ੀ ਉਸ ਕੀਰਤਨੀਏ ਨੂੰ ਕਿੰਨੀ ਪ੍ਰਾਪਤ ਹੋਵੇਗੀ। ਜਿਸ ਨੇ ਇਹ ਸੁਮੱਤ ਪਾਈ।

(ਹੁਕਮ ਮੰਨੀਏ ਗੁਰੂ ਕੇਰਾ, ਗਾਵਹੁ ਸਚੀ ਬਾਣੀ)

ਭਾਵੇਂ ਇਸ ਰਸਾਲੇ ਦਾ ਅਕਾਰ ਤੇ ਛੋਟਾ ਹੈ ਪਰ ਇਸ ਦੇ ਲਿਖਾਰੀ ਦਾ ਵਿਚਾਰ ਬਹੁਤ ਉੱਚਾ ਤੇ ਸੁੱਚਾ ਹੈ, ਚੂੰਕਿ ਅਖ਼ਬਾਰ ਜਾਂ ਰਸਾਲਾ ਅੱਜ ਦੇ ਮਹਿੰਗੇ ਸਮੇਂ ਅੰਦਰ ਪ੍ਰਾਰੰਭ ਕਰਨਾ ਇੱਕ ਸਫੇਦ ਹਾਥੀ ਬੂਹੇ ਤੇ ਬੰਨ੍ਹਣ ਸਮਾਨ ਹੈ-ਜੋ ਮੇਰੀ ਇਸ ਰਸਾਲੇ ਦੇ ਪ੍ਰਾਰੰਭ ਨੂੰ ਲੱਖ-ਲੱਖ ਵਧਾਈ ਹੋਵੇ।

ਸ਼ਰੋਮਣੀ ਕਮੇਟੀ, ਚੀਫ਼ ਖਾਲਸਾ ਦੀਵਾਨ ਵਰਗੀਆਂ ਸੁਸਾਇਟੀਆਂ ਜਿਨ੍ਹਾਂ ਪਾਸ ਲੱਖਾਂ ਨਹੀਂ ਕਰੋੜਾਂ ਦੇ ਫੰਡ ਹਨ ਉਹ ਵੀ ਇਸ ਲੜੀਦੇ ਕਾਰਜ ਵੱਲ ਧਿਆਨ ਨਹੀਂ ਦੇ ਸਕੀਆਂ ਚੂੰਕਿ ਇਹਨਾਂ ਸੰਸਥਾਵਾਂ ਦੇ ਪ੍ਰਬੰਧਕਾਂ ਪਾਸ ਇਸ ਕਾਰਜ ਦੀ ਸਫਲਤਾ ਹਿੱਤ ਆਪਣੀ ਰੁਚੀ ਨਹੀਂ।

ਚੀਫ਼ ਖਾਲਸਾ ਦੀਵਾਨ ਦੀਆਂ ਸਾਲਾਨਾ ਕਾਨਫਰੰਸਾਂ ਤੇ ਇਕ ਸ਼ਬਦ ਰਵਾਇਤ ਕਾਇਮ ਕਰਨ ਹਿੱਤ ਗੁਰੂ ਕੀਰਤਨੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਿਸ ਰਾਗ ਦਾ ਸ਼ਬਦ ਹੈ ਉਸੇ ਵਿੱਚ ਗਾਇਨ ਕੀਤਾ ਜਾਵੇ ਪਰ ਸ਼ਬਦ ਦੇ ਬਾਕੀ ਜੋ ਚਾਰ ਅੰਗ ਹਨ ਉਨ੍ਹਾਂ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਜਾਂਦਾ, ਜਿਸ ਤੇ ਉਸ ਸਮੇਂ ਤੇ ਗਾਇਨ ਕਰਨ ਵਾਲੇ ਕੀਰਤਨੀਆਂ ਵਿੱਚੋਂ ਇੱਕ ਨੂੰ ਸਿਰੋਪਾ ਦੇ ਕੇ ਟੋਰ ਦਿੱਤਾ ਜਾਂਦਾ ਹੈ। ਗੁਰੂ ਸ਼ਬਦ ਦੇ ਗਾਇਨ ਹਿੱਤ ਸਤਿਗੁਰਾਂ ਨੇ ਪੰਜ ਅਸੂਲ ਕਾਇਮ ਕੀਤੇ ਸਨ ਜਿਨ੍ਹਾਂ ਮੁਤਾਬਕ ਕੀਰਤਨ ਕਰਨਾ ਹੀ (ਗੁਰਮਤਿ ਕੀਰਤਨ) ਕਿਹਾ ਜਾ ਸਕਦਾ ਹੈ।

ਉਨ੍ਹਾਂ ਪੰਜ ਅਸੂਲਾਂ ਦਾ ਵੇਰਵਾ ਇਸ ਪ੍ਰਕਾਰ ਹੈ :

1) ਜਿਸ ਰਾਗ ਦਾ ਸ਼ਬਦ ਹੈ ਉਸੇ ਵਿੱਚ ਗਾਇਨ ਕੀਤਾ ਜਾਵੇ

2) ਫਿਰ ਤਾਲ ਵੀ ਉਹੀ ਹੋਵੇ। 17 ਤਾਲ ਤੱਕ ਗੁਰਬਾਣੀ ਵਿੱਚ ਵੇਰਵਾ ਹੈ ਪੜਤਾਲ ਜਾਂ ਚੱਕਰ ਤੇ ਹੋਰ ਵੇਰਵੇ ਬਾਕੀ ਸਨ

3) ਇੱਕ ਪਦੇ ਤੋਂ ਪੰਜ ਪਦੇ ਤੱਕ ਜੋ ਸ਼ਬਦ ਦੇ ਭਾਵ ਨੂੰ ਜ਼ਾਹਿਰ ਕਰਦਾ ਹੈ ਇਹਦੇ ਵੱਲ ਕਦੇ ਧਿਆਨ ਕਿਸੇ ਕੀਰਤੀਨੇ ਨੇ ਘੱਟ ਹੀ ਦਿੱਤਾ ਹੈ।

4) ਹਰ ਸ਼ਬਦ ਅੰਦਰ (ਰਹਾਉ) ਹੈ ਕਿਸੇ ਸ਼ਬਦ ਵਿੱਚ ਤਿੰਨ ਤੇ ਚਾਰ (ਰਹਾਉ) ਵੀ ਹਨ ਜੋ ਗਾਇਨ ਸਮੇਂ ਸ਼ਬਦ ਦੀ ਅਸਥਾਈ ਹੈ। ਪਰ ਅੱਜ ਹਰ ਕੀਰਤਨੀਏ ਨੇ ਅਪਣੇ ਮਨ ਦੀ ਅਸਥਾਈ ਬਣਾਈ ਹੈ।

5) (ਧੰਨ ਸੁ ਰਾਗ ਸੁਰੰਗੜੇ ਆਲਾਪਤ ਤਿਖ ਜਾਇ) ਜੋ ਸ਼ਬਦ ਗਾਇਨ ਕਰਨਾ ਹੈ ਉਸੇ ਰਾਗ ਦਾ ਆਲਾਪ ਅਰੋਹੀ ਅਵਰੋਹੀ ਵਾਦੀ ਸੰਬਾਦੀ ਨੂੰ ਮੁੱਖ ਰੱਖਕੇ ਕੀਤਾ ਜਾਵੇ। ਸ਼ਬਦ ਜ਼ਬਾਨੀ ਯਾਦ ਹੋਵੇ, ਪੜ੍ਹਕੇ ਸ਼ੁੱਧ ਸੰਗਤ ਨੂੰ ਸੁਣਾ ਕੇ ਪ੍ਰਾਰੰਭ ਕਰੇ। ਇਹ ਪੰਜ ਨਿਯਮ ਹਨ ਕੀਰਤਨ ਅਚਾਰੀਆ ਦੇ। ਕੀ ਕਦੇ ਕਿਸੇ ਕੀਰਤਨ ਦਰਬਾਰ ਅੰਦਰ ਜਾਂ ਉਚੇਚੀ ਇਸ ਮੰਤਵ ਦੀ ਕਾਨਫਰੰਸ ਤੇ ਕਿਸੇ ਵਕਤੇ ਜਾਂ ਸਰੋਤੇ ਨੇ ਧਿਆਨ ਦਿੱਤਾ ਹੈ ? ਜਿੰਨੇ ਇਸ ਵੇਲੇ ਸਿੱਖ ਸੰਪ੍ਰਦਾ ਅੰਦਰ ਗੁਰੂ ਕੇ ਕੀਰਤਨੀਏ ਹਨ। ਇੰਨੇ ਪਿਛਲੇ ਪੰਜ ਸੌ ਸਾਲ ਵਿੱਚ ਵੇਖਣ ਤੇ ਸੁਣਨ ਅੰਦਰ ਨਹੀਂ ਆਏ।

ਹੈਨ ਵਿਰਲੇ ਨਾਹੀ ਘਣੇ-ਫੈਲ ਫਕੜ ਸੰਸਾਰ

ਭਾ : ਪ੍ਰੇਮ ਸਿੰਘ ਜੀ ਸੰਗੀਤ ਆਚਾਰੀਆ (ਪਟਿਆਲਾ)
ਮਹੰਤ ਗੱਜਾ ਸਿੰਘ ਜੀ ਮਸਤਾਨ ਸਿੰਘ ਜੀ (ਤਾਊਸ ਪ੍ਰਬੀਨ) ਪਟਿਆਲਾ
ਭਾ : ਹਰਨਾਮ ਸਿੰਘ ਪਖਾਵਜ਼ (ਜੰਮੂ, ਭਾ: ਗੁਪਾਲ ਸਿੰਘ ਪਟਿਆਲਾ ਭਾ : ਸ਼ੇਰ ਸਿੰਘ ਗੁਜ਼ਰਾਂਵਾਲੀਆ

ਭਾ : ਜਵਾਲਾ ਸਿੰਘ ਜੀ ਕਪੂਰਥਲਾ, ਭਾ : ਹੀਰਾ ਸਿੰਘ ਜੀ ਲਲਿਆਨੀ, ਭਾ: ਮੋਤੀ. ਭਾ: ਸਾਈ ਦਿੱਤਾ (ਅੰਮ੍ਰਿਤਸਰ) ਆਦਿ ਸ਼ੁੱਧ ਰਾਗ ਵਿੱਚ ਗਾਇਨ ਕਰ ਪ੍ਰਬੀਨ ਹੁੰਦੇ ਸਨ।

ਇਸ ਤੋਂ ਅੱਗੇ ਲਾਗ ਲੱਗੀ ਭਾ: ਸੁੰਦਰ ਸਿੰਘ ਆਟਾ ਮੰਡੀ, ਭਾ: ਸਮੁੰਦ ਸਿੰਘ ਜੀ ਗੰਧ੍ਰਵਰਾਜ, ਗਿਆਨ ਸਿੰਘ ਜੀ ਅਲਮਸਤ, ਭਾ: ਰਣਜੋਧ ਸਿੰਘ, ਭਾ : ਪਿਆਰਾ ਸਿੰਘ, ਹਰਨਾਮ ਸਿੰਘ ਕਿੰਨੌਰ (ਨਨਕਾਣਾ ਸਾਹਿਬ ਗੁਰਮੁਖ ਸਿੰਘ ਸਰਮੁਖ ਸਿੰਘ ਗੁਜਰਾਂਵਾਲਾ) ਭਾ : ਚਾਂਦ, ਭਾ : ਸੰਤਾ ਸਿੰਘ ਜੀ। ਇੰਨੇ ਕੁ ਦਾਸ ਨੇ ਵੇਖੇ ਤੇ ਸੁਣੇ ਹਨ ਪਰ ਅੱਜ ਵੀ ਯਤਨ ਕਰੀਏ ਤਾਂ ਪੁਰਾਤਨ ਰੀਤਾਂ ਤੇ ਸ਼ਬਦ ਮਿਲ ਜਾਂਦੇ ਹਨ ਜੋ ਸੀਨੇ ਬਸੀਨੇ ਗੁਰੂ ਸਾਹਿਬ ਦੇ ਵਕਤ ਦੀਆਂ ਧੁਨਾਂ ਹਨ। ਇਸ ਦੇ ਉਲਟ ਅੱਜ ਹਰ ਰਾਗੀ ਜਥੇ ਦੀ ਪਰੰਪਰਾ ਆਪਣੀ ਹੈ। ਅਖੀਰ ਤੇ ਮੈਂ ਭਾ : ਜਾਗੀਰ ਸਿੰਘ ਜੀ ਇਸ ਰਸਾਲੇ ਦੇ ਸੰਪਾਦਕ ਨੂੰ ਬਹੁਤ ਮੁਬਾਰਕ ਦੇਂਦਾ ਹਾਂ ਜਿਨ੍ਹਾਂ ਸਿੱਖ ਸਮਾਜ ਅੰਦਰ ਇਸ ਘਾਟ ਨੂੰ ਮਹਿਸੂਸ ਕਰ ਇਸ ਰਸਾਲੇ ਦਾ ਪ੍ਰਾਰੰਭ ਕੀਤਾ ਹੈ।

★

# ਭਾਈ ਸਹਿਜ ਰਾਮ

ਡਾ: ਗੁਰਮੁਖ ਸਿੰਘ

ਸਿਖ ਸੰਪ੍ਰਦਾਵਾਂ ਨੇ ਜਿੱਥੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਬੜੀ ਘਾਲਣਾ ਘਾਲੀ, ਸਾਹਿਤ ਰਚਿਆ ਤੇ ਪੋਥੀਆਂ ਲਿਖ ਕੇ ਵੰਡੀਆਂ ਉੱਥੇ ਪ੍ਰਾਚੀਨ ਰਾਗਾਂ ਦੇ ਸਰੂਪ ਤੇ ਗਾਇਨ ਸ਼ੈਲੀਆਂ ਨੂੰ ਵੀ ਜੀਵਤ ਰੱਖਣ ਵਿਚ ਪੂਰਾ ਹਿੱਸਾ ਪਾਇਆ ਹੈ। ਸੇਵਾ ਪੰਥੀ ਸਾਧੂਆਂ ਵਿਚ ਬੜੇ ਕੀਰਤਨੀਏ ਹੋਏ ਹਨ। ਉਹਨਾਂ ਵਿਚ ਇਕ ਪ੍ਰਸਿਧ ਕੀਰਤਨੀਆਂ ਸੰਤ ਭਾਈ ਸਹਿਜਰਾਮ (ਲਗ-ਭਗ 1675-1730 ਈ:) ਸੀ। ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਧਰਮ ਪ੍ਰਚਾਰ ਨੂੰ ਸਮਰਪਿਤ ਕੀਤਾ ਹੋਇਆ ਸੀ।

ਆਪ ਕੀਰਤਨ ਬੜਾ ਮਧੁਰ ਕਰਿਆ ਕਰਦੇ ਸਨ। ਘੰਟਿਆਂ ਬੱਧੀ ਇਕ ਰਸ ਹਰਿ ਜਸ ਕਰਦੇ ਤੇ ਸਾਧ ਸੰਗਤ ਮੰਤ੍ਰ ਮੁਗਧ ਹੋਈ ਪ੍ਰਭੂ ਚਰਨਾ ਨਾਲ ਜੁੜ ਜਾਂਦੀ। ਦੂਰੋਂ ਦੂਰੋਂ ਸ਼ਰਧਾਲੂ ਤੇ ਧਰਮੀ ਬੰਦੇ ਆਪ ਦਾ ਕੀਰਤਨ ਸੁਣਨ ਲਈ ਆਉਂਦੇ। ਮੂਰਤਾਂ ਬਣੀ ਟਿਕੇ ਰਹਿੰਦੇ। ਭਾਈ ਸੋਭਾ ਰਾਮ ਨੇ ਇਸ ਬਾਰੇ ਇਉਂ ਲਿਖਿਆ ਹੈ—

ਸਹਿਜ ਰਾਮ ਜਬ ਕੀਰਤਨ ਕਰਤੇ ॥
ਸਭ ਸਾਧਨ ਕੇ ਮਨੁ ਕਉ ਹਰਤੇ ॥
ਜਿਮ ਭੀਤ ਪੁਤਲੀ ਨਾਹਿ ਹਲਾਈ ॥
ਤਿਨ ਸੈ ਸਾਧੂ ਥਿਰਤਾ ਪਾਈ ॥

(ਸੰਤ ਮਾਲ ਪਤਰਾ 192/ਅ)

ਅਜਿਹੇ ਪਿਆਰੇ ਕੀਰਤਨੀਏ ਭਾਈ ਸਹਿਜ ਰਾਮ ਜੀ ਇਕ ਵਾਰ ਭਾਈ ਅੱਡਣ ਸ਼ਾਹ ਦੀ ਹਜ਼ੂਰੀ ਵਿਚ ਕੀਰਤਨ ਕਰ ਰਹੇ ਸਨ। ਤਕਰੀਬਨ ਢਾਈ ਸੌ ਸਾਧੂ ਸੰਤ ਤੇ ਸ਼ਰਧਾਲੂ ਕੀਰਤਨ ਸੁਣਦਿਆਂ ਕੰਧ ਤੇ ਬਣੇ ਚਿਤਰਾਂ ਵਾਂਗ ਅਹਿਲ ਪਰਮਾਨੰਦ ਵਿਚ ਲੀਨ ਸਨ। ਇਕ ਪਠਾਣ ਅਚਾਨਕ ਭਾਈ ਸਾਹਿਬ ਦੀ ਧਰਮਸਾਲਾ ਵਿਚ ਆਇਆ ਤੇ ਵੇਖ ਕੇ ਹੈਰਾਨ ਰਹਿ ਗਿਆ ਕਿ ਇਕ ਸੁੰਦਰ ਤੇ ਬਲਵਾਨ ਸਰੀਰ ਦਾ ਸੁਆਮੀ ਸਾਧੂ ਕੀਰਤਨ ਕਰ ਰਿਹਾ ਹੈ। ਭੋਗ ਪਿਆ ਤਾਂ ਉਹ ਅੱਡਣ ਸ਼ਾਹ ਜੀ ਨੂੰ ਕਹਿਣ ਲੱਗਾ ਕਿ ਜੇਕਰ ਇਹ ਕੀਰਤਨੀਆ ਸ਼ਾਸਤ੍ਰ ਪਕੜ ਲਏ ਤਾਂ ਦਸਾਂ ਜੋਧਿਆਂ ਨੂੰ ਇੱਕ ਹੀ ਥਾਂਇ ਮਾਰ ਗਿਰਾਏ। ਤਾਂ ਭਾਈ ਜੀ ਨੇ ਪਿਆਰ ਨਾਲ ਆਖਿਆ

ਭਾਈ ਇਹ ਤਾਂ ਹੁਣ ਢਾਈ ਸੌ ਨੂੰ ਥਾਇ ਰੱਖੀ ਬੈਠਾ ਹੈ। ਭਾਈ ਜੀ ਦਾ ਭਾਵ ਸੀ ਕਿ ਇਸ ਨੇ ਬਾਣੀ ਦੇ ਬਾਣਾਂ ਨਾਲ ਢਾਈ ਸੌ ਮਹਾਂਬਲੀ ਸਾਧੂ ਵਿੰਨ ਕੇ ਰੱਖੇ ਹੋਏ ਹਨ। ਭਾਈ ਸੌਭਾ ਰਾਮ ਨੇ ਲਿਖਿਆ ਹੈ –

### ਦੋਹਰਾ

ਏ ਯੋਧਾ ਹੈ ਅਤਿ ਬਲੀ ਜੇਬਾ ਇਨੈ ਕਮਾਨ ॥
ਬਾਣ ਗੁਰੂ ਕੇ ਸਬਦਿ ਹੈ ਬੇਧੇ ਪ੍ਰੀਤੀਵਾਨ ।'

### ਚੌਪਈ

ਸੌਇ ਆਢਾਈ ਬਸਿ ਕਰ ਰਾਖੈ ॥
ਜਬ ਮੁਖ ਤੇ ਇਹ ਸਬਦੰ ਭਾਖੈ ॥

(ਸੰਤ ਮਾਲ ਪਤਰਾ 67/ਅ)

ਭਾਈ ਸਹਿਜ ਰਾਮ ਨੂੰ ਬਾਣੀ ਬੜੀ ਕੰਠ ਸੀ। ਕੀਰਤਨ ਕਰਦਿਆਂ ਆਪ ਪ੍ਰਮਾਣਾ ਦੀ ਛਹਿਬਰ ਲਗਾ ਦਿੰਦੇ ਤੇ ਜੋ ਪ੍ਰਕਰਣ ਲੈਂਦੇ ਉਸ ਨੂੰ ਬੜੇ ਸੁਚੱਜੇ ਢੰਗ ਨਾਲ ਪ੍ਰਮਾਣ ਦੇ ਦੇ ਕੇ ਸੰਗਤਾਂ ਦੇ ਸੀਨੇ ਵਿੱਚ ਉਤਾਰਨ ਦਾ ਉਪਰਾਲਾ ਕਰਦੇ। ਇਕ ਵਾਰ ਆਪ ਨੂੰ ਕਿਸੇ ਨੇ ਕੀਰਤਨ ਕਰਨ ਤੇ ਮਗਨ ਰਹਿ ਕੇ, ਅੱਖਾਂ ਮੀਟ ਕੇ ਇੰਨਾ ਚਿਰ ਕੀਰਤਨ ਕਰਨ ਦੀ ਸਮਰਥਾ ਬਾਰੇ ਪੁੱਛਿਆ ਤਾਂ ਆਪ ਨੇ ਆਖਿਆ ਜਦੋਂ ਮੈਂ ਕੀਰਤਨ ਕਰਨ ਲਈ ਬੈਠਦਾ ਹਾਂ ਤਾਂ ਮੇਰੇ ਧਿਆਨ ਵਿਚ ਹੁੰਦਾ ਹੈ ਕਿ ਮੈਂ ਭਾਈ ਸੇਵਾ ਰਾਮ ਜੀ ਅਤੇ ਭਾਈ ਅੱਡਣ ਸ਼ਾਹ ਜੀ ਦੀ ਹਜ਼ੂਰੀ ਵਿਚ ਕੀਰਤਨ ਕਰ ਰਿਹਾ ਹਾਂ। ਮਨ ਟਿਕ ਜਾਂਦਾ ਹੈ ਤੇ ਬਾਣੀ ਦੇ ਪ੍ਰਮਾਣ ਆਪੇ ਹੀ ਕਤਾਰਾਂ ਬੰਨ੍ਹ ਕੇ ਅੱਗੇ ਆਈ ਜਾਂਦੇ ਹਨ। ਮੈਂ ਉਚਾਰਨ ਕਰਦਾ ਤੁਰਿਆ ਜਾਂਦਾ ਹਾਂ।

ਇਸ ਮਹਾਨ ਕੀਰਤਨੀਏ ਨੂੰ ਨਮਸਕਾਰ ਹੈ।

# सिख धर्म में कीर्तन और राग गायन

डा. जोगिन्द्र सिंह बावरा, जालंधर

M. Music (V & 1) M.A. (Music & Urdu) B.Ed. Ph. D. P.E.S.

सिख धर्म कीर्तन प्रधान है। इस का यह अर्थ नहीं कि सिख धर्म से ही कीर्तन आरम्भ हुआ क्योंकि पुरातन काल से चली आती हुई नवधा भक्ति के लक्षणों में कीर्तन का भी उल्लेख है। सिख धर्म ही नहीं हिन्दू धर्म में भी कीर्तन का कम महत्व नहीं, अन्तर इतना अवश्य है कि सिख कीर्तन में राग गायन पद्धति पर कीर्तन करने का आदेश है और यथा सम्भव उस के पालन का प्रयास किया जाता है लेकिन अन्य सम्प्रदायों के कीर्तन के विषय में ऐसा आदेश होने पर भी उसके पालन की ओर इतनी तत्परता नहीं दिखाई देती। सिख धर्म की कीर्तन परम्परा आरम्भ से ही उत्तर भारतीय शास्त्रीय संगीत क्षेत्र में एक महत्व पूर्ण भूमिका निभाती चली आ रही है। पंजाब में तो गुरुद्वारों की संख्या अधिक है ही अन्य प्रांतों में भी जहां गुरुद्वारे निर्मित हैं, रागियों द्वारा कीर्तन अवश्य होता है। 'रागी' सिख धर्म का पारिभाषिक शब्द है, जिस का अर्थ राग में बद्ध शब्द-गायन करने वाला गायक है। ऐसे गायक कलाकार को मात्र गायक कहना प्रतिष्ठा के विरुद्ध माना जाता है। अस्तु, उनके नाम के पहले सम्मान बोधक "भाई" शब्द का प्रयोग करने का अनिवार्य नियम है।

सिख धर्म में कीर्तन के महत्व को पंचम गुरु श्री अर्जुन देव जी ने निम्नांकित पद में स्पष्ट किया है। मारु सोहले महिला-5।

> कलिजुग महि कीरतनु परधाना।
> गुरुमुख जपीए लाइ धिआना॥
> आप तरे सगले कुल तारे, दरगहि पति सिऊ जाइदा।

(अर्थात : कलयुग में कीर्तन मुख्य उपासना है। गुरु का शिष्य बन कर, ध्यान लगा कर जप करो। कीर्तनकार स्वयं तो तरता ही है, उस के कारण उसका समस्त कुल भी तर जाता है, और वह ईश-लोक में सम्मान पूर्वक प्रवेश पाता है।)

इस से अधिक ठोस कीर्तन के महत्व को दर्शाने वाली पंक्तियां क्या हो सकती

हैं। कीर्तन का महत्व तो गुरु नानक देव जी के समय से ही है। किन्तु गुरु श्री अर्जुन देव जी ने दिन में पांच बार कीर्तन का नियम बनाया। जिन्हें पांच चौकियां कहा जाता है।

सिख कीर्तन के लिए शास्त्रीय संगीत का आधारभूत ज्ञान अनिवार्य है। इस के लिए गुरु-शिष्य परम्परा के अनुसार विधिवत राग-ताल सम्मत कीर्तन गायन की शिक्षा प्राप्त करनी पड़ती है। कीर्तन शिक्षा का प्रबन्ध कुछ गुरुद्वारों एवं संस्थाओं में भी है। जैसे अमृतसर, तरनतारन, दिल्ली, भैणी साहिब आदि। विधिवत कीर्तन सीखने के पश्चात 'रागी' रूप में इन्हें प्रतिष्ठा प्राप्त होती है।

सिख धर्म में कीर्तन द्वारा शास्त्रीय संगीत का प्रचार

सिख धर्म के अनुयाइयों ने साधारण बच्चों के अतिरिक्त विकलांग, नेत्रहीन तथा मातृ-पितृ विहीन बच्चों के भविष्य को उज्जवल बनाने के लिए कई स्थानों पर केन्द्र स्थापित किए जहां कीर्तन में रूचि रखने वाले बच्चों को संगीत शिक्षा (गायन-वादन) तथा विभिन्न प्रकार की दस्तकारी का प्रशिक्षण प्रदान किया जाता है। सैन्ट्रल खालसा यतीमखाना अमृतसर ने ऐसे बच्चों के लिए महान कार्य किया है। यह संस्था लगभग 85 वर्षों से इस कार्य में सेवारत है। गायन, वादन तथा तबला आदि की पृथक रूप से रुचि के अनुसार शिक्षा दी जाती है। इस यतीमखाना से शिक्षा प्राप्त कर के अनेक प्रसिद्ध रागी समाज की सेवा कर रहे हैं। यहां के विद्यार्थियों में सर्वश्री दलीप चन्द्र वेदी (प्रसिद्ध व्योवृद्ध संगीतज्ञ), भाई गोपाल सिंह, भाई गुरुदियाल सिंह, भाई सन्ता सिंह, भाई सुरजन सिंह, भाई दर्शन सिंह, भाई बलवंत सिंह सिबी आदि प्रसिद्ध हुए।

कुछ रागी परम्परागत भी होते हैं अर्थात वह पीढ़ियों से चली आती परम्परा की कड़ी होते हैं। एक उच्च स्तरीय रागी बनने के लिए को राग-ताल का ज्ञान आवश्यक है जिस के लिए उसे संगीत शिक्षा प्राप्त करना अनिवार्य है। कीर्तन में शास्त्रीय संगीत की विभिन्न शैलियां भी व्यवहार में लाई जाती है। जैसे ध्रुवपद, धमार, ख्याल, कव्वाली, आदि शैलियों पर आधारित कीर्तन। कुछ शब्द पुरानी परम्रागत एक ही शैली में चले आते हैं जिनको 'शब्द रीति' अथवा 'टकसाली रीति' कहा जाता है। यह रचनाएं सीना-ब-सीना चली आ रही है। "Taksali Reets —a Traditional composition whose training is imparted by a teacner to his pupil."

गुरु ग्रन्थ साहिब में कुछ ऐसी भी रचनाएं हैं, जो लम्बी होने के कारण भिन्न-भिन्न रागों तथा भिन्न भिन्न तालों में गाए जाने की सुविधा प्रदान करती है और

एक कुशल गायक के लिए प्रतिभा के प्रदर्शन के लिए अवसर प्रदान करती है। यह शैलियां उसी प्रकार की है, जिसे हम राग माला अथवा राग मालिका के नाम से शास्त्रीय संगीत के क्षेत्र मे जानते हैं। कीर्तन गायन में इन्हें 'गुलदस्ता' और 'पड़ताल' संज्ञा दी जाती है। यह गायन शैलियां कठिन परिश्रम, अभ्यास तथा राग एवं ताल का ज्ञान चाहती हैं। संगीत का सीमित ज्ञान रखने वाले साधारण कीर्तनकार अपने बन्धे हुए रागों में शब्दों का कीर्तन करते हैं।

मेरे मतानुसार आरम्भ में सभी शब्द एक निश्चित शैली में स्वर बद्ध किए गए होंगे परन्तु रुचि तथा गायन प्रतिभा के अनुसार उनमें अन्तर उपस्थित होते रहे हैं। निर्देशित 31 मुख्य रागों में प्रातः कालीन, प्रभाती, भैरव, रामकली आदि रागों के अन्तरगत संकलित शब्द सांय अथवा रात्रि में शास्त्रीय नियमानुसार नहीं गाए जा सकते। अस्तु, यदि इन्हें प्रातः की बजाए सांय काल गाने की इच्छा होगी तो निश्चय ही राग परिवर्तन किया जाना जरूरी है। राग परिवर्तन तभी सम्भव है जब गायक कीर्तनकार को रागों का अच्छा ज्ञान होगा।

कीर्तन का प्रयोजन ईश्वर के गुणगान द्वारा अपनी आत्मा की उन्नति करना है। रागों में किया गया कीर्तन श्रोता के मन को ध्यान केन्द्रित करता है। कीर्तन को अनमोलक हीरा कहा है। 'भलो भलो रे कीरतनीआ' के भावानुसार कीर्तनकार को भला पुरुष स्वीकार किया गया है। क्योंकि वह ईश्वर के गुणगान करता है और दुनियां के धन्धों से मुक्त रहता है। श्रोताओं को भी प्रभु भक्ति की राह दिखाता है। आज ऐसे कम ही रागी सुनने में आते हैं जो 'टकसाली रीतों' का कीर्तन पड़ताल, गुलदस्ता, ध्रुवपद, धमार आदि शैलियों का कीर्तन करते है। कई वर्ष पूर्व प्रत्येक रागी जत्थे में तन्तीवाद्य भी हुआ करते थे। कीर्तन संगीतवाद्यों में रबाब, सारंदा, दिलरुबा, ताऊस, सितार, वायलिन आदि में से एक दो वाद्य हुआ करते थे। वर्तमान काल में अधिकतर कीर्तनकारों का जत्था देखने में आता है। दो हारमोनीयम तथा एक तबला वादक। कुछ कीर्तनी जत्थे अलैकट्रिक वाद्यों का प्रयोग भी करने लगे हैं। कीर्तन का प्रचार दिन-प्रतिदिन बढ़ रहा है। परन्तु तन्ती वाद्यों की संगति का चलन समाप्त प्राय: हो गया है इस ओर ध्यान देने की आवश्यकता है।

# ਪ੍ਰੋ. ਪਰਮਜੋਤ ਸਿੰਘ ਜੀ



ਪਰਮਜੋਤ ਸਿੰਘ ਜੀ ਇਕ ਸੁਤੰਤਰ ਕੀਰਤਨ ਕਰਨ ਵਾਲੇ ਵਿਦਵਾਨ ਕੀਰਤਨੀਏ ਹਨ। ਉਨ੍ਹਾਂ ਦਾ ਜਨਮ 4 ਨਵੰਬਰ 1947 ਨੂੰ ਸਵਰਗਵਾਸੀ ਗਿਆਨੀ ਇੰਦਰ ਸਿੰਘ ਜੀ ਦੇ ਘਰ ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਪ੍ਰੋ: ਪਰਮਜੋਤ ਸਿੰਘ ਦੇ ਪਿਤਾ ਆਪ ਗੁਰੂ ਦੇ ਕੀਰਤਨੀਏ ਸਨ ਜੋ ਤਰਨਤਾਰਨ ਦੇ ਪੰਡਿਤ ਨੱਥੂ ਰਾਮ ਜੀ ਦੇ ਸ਼ਾਗਿਰਦ ਸਨ। ਇਸ ਲਈ ਪ੍ਰੋਫੈਸਰ ਸਾਹਿਬ ਨੂੰ ਕੀਰਤਨ ਦੀ ਦਾਤ ਬਚਪਨ 'ਚ ਵਿਰਸੇ ਵਿਚ ਹੀ ਮਿਲੀ ਹੈ। ਆਪ ਨੇ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਵਿਖੇ ਪੜ੍ਹਾਈ ਕੀਤੀ ਅਤੇ ਬੀ. ਏ. ਉਪਰੰਤ ਐਮ. ਏ. ਸੰਗੀਤ ਦੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ। ਆਪ ਨੇ ਕੁਝ ਸਮਾਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਖੇ ਸੰਗੀਤ ਲੈਕਚਰਾਰ ਦੇ ਤੌਰ ਤੇ ਸਰਵਿਸ ਕੀਤੀ। ਹੁਣ ਆਪ ਪੰਜਾਬ ਸਿੰਧ ਬੈਂਕ ਵਿਚ ਸਰਵਿਸ ਕਰ ਰਹੇ ਹਨ।

ਪ੍ਰੋ: ਪਰਮਜੋਤ ਸਿੰਘ ਨੇ ਸੰਗੀਤ ਦੀ ਮੁਢਲੀ ਸਿੱਖਿਆ ਆਪਣੇ ਪਿਤਾ ਜੀ ਕੋਲੋਂ ਹੀ ਲਈ ਸੀ। ਉਸ ਉਪਰੰਤ ਮਾਸਟਰ ਦੇਸ ਰਾਜ ਜੀ, ਸ੍ਰੀ ਮਦਨ ਲਾਲ ਬਾਲੀ, ਸ੍ਰੀ ਭਗਵਾਨ ਦਾਸ ਸੈਣੀ, ਉਸਤਾਦ ਬਾਕਰ ਹੁਸੈਨ ਖਾਂ ਸਾਹਿਬ ਮਲੇਰ ਕੋਟਲਾ ਅਤੇ ਸ੍ਰੀ ਸੀਆ ਬਿਹਾਰੀ ਸਰਨ ਆਦਿ ਕੋਲੋਂ ਉੱਚ ਸੰਗੀਤ ਵਿੱਦਿਆ ਪ੍ਰਾਪਤ ਕੀਤੀ। ਪ੍ਰੋਫੈਸਰ ਸਾਹਿਬ ਨੇ ਦਸ ਸਾਲ ਦੀ ਉਮਰ ਤੋਂ ਸੰਗੀਤ ਸਿੱਖਿਆ ਲੈਣੀ ਸ਼ੁਰੂ ਕੀਤੀ ਸੀ ਅਤੇ ਅਜੇ ਵੀ ਉਨ੍ਹਾਂ ਦੀ ਤ੍ਰਿਸ਼ਨਾ ਤ੍ਰਿਪਤ ਨਹੀਂ ਹੋਈ ਲੱਗਦੀ। ਉਨ੍ਹਾਂ ਦਾ ਕਥਨ ਹੈ ਕਿ ਉਹ ਅੱਜ ਵੀ ਸੰਗੀਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

ਪ੍ਰੋ: ਪਰਮਜੋਤ ਸਿੰਘ ਜੀ ਨੇ ਪਹਿਲਾਂ ਆਪਣੇ ਪਿਤਾ ਜੀ ਨਾਲ ਕੀਰਤਨ ਕਰਨਾ ਆਰੰਭ ਕੀਤਾ ਸੀ। ਫਿਰ ਉਹ ਭਾਈ ਸਮੁੰਦ ਸਿੰਘ ਜੀ ਨਾਲ ਸਹਾਇਕ ਰਾਗੀ ਵਜੋਂ ਕੀਰਤਨ ਕਰਦੇ ਰਹੇ ਹਨ। ਉਨ੍ਹਾਂ ਨੇ ਕੀਰਤਨ ਦੀ ਸੇਵਾ ਲਈ ਕਿਸੇ ਵੀ ਸੰਸਥਾ ਕੋਲ ਨੌਕਰੀ ਨਹੀਂ ਕੀਤੀ। ਅੱਜ ਕੱਲ੍ਹ ਉਹ ਆਪਣੇ ਭਰਾਵਾਂ ਦੇ ਸਹਿਯੋਗ ਨਾਲ ਸੁਤੰਤਰ ਕੀਰਤਨ ਕਰਦੇ ਹਨ। ਉਨ੍ਹਾਂ ਦੇ ਰਾਗੀ ਜਥੇ ਦੇ ਦੋਵੇਂ ਭਰਾ ਭਾਈ ਪ੍ਰਿਤਪਾਲ ਸਿੰਘ ਜੀ ਅਤੇ ਸ੍ਰ: ਦਲਜੀਤ ਸਿੰਘ ਜੀ ਹਨ।

ਪ੍ਰੋ: ਪਰਮਜੋਤ ਸਿੰਘ ਜੀ ਨੂੰ ਰਾਗ, ਸੰਗੀਤ ਅਤੇ ਗੁਰਬਾਣੀ ਗਾਇਨ ਦਾ ਚੋਖਾ ਗਿਆਨ ਹੈ। ਉਹ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਤੇ ਬਿਖੜੀਆਂ ਤਾਲਾਂ ਵਿਚ ਵਧੀਆ ਕੀਰਤਨ ਕਰ ਸਕਦੇ ਹਨ। ਉਹ ਬਸੰਤ ਦੀ ਵਾਰ ਅਤੇ ਆਸਾ ਦੀ ਵਾਰ ਦਾ ਸੁੰਦਰ ਗਾਇਨ ਕਰਦੇ ਹਨ ਅਤੇ ਬਾਕੀਆਂ ਦੀ ਪਰੰਪ੍ਰਿਕ ਖੋਜ ਲਈ ਉੱਦਮਸ਼ੀਲ ਹਨ। ਆਪ ਨੇ ਰੇਡੀਓ ਅਤੇ ਟੈਲੀਵੀਜ਼ਨ ਦੇ ਪ੍ਰਵਾਣਿਤ ਕਲਾਕਾਰ ਵਜੋਂ ਕਈ ਵਾਰ ਕੀਰਤਨ ਕੀਤਾ ਹੈ। ਪ੍ਰੋਫੈਸਰ ਸਾਹਿਬ ਗੁਰਮਤਿ ਰਾਗੀ ਸਭਾ ਦੇ ਹੁੰਦੇ ਸਾਰੇ ਸਾਲਾਨਾ ਸਮਾਗਮਾਂ, ਕੀਰਤਨ ਦਰਬਾਰਾਂ ਅਤੇ ਕਈ ਸੰਗੀਤਕ ਬੈਠਕਾਂ ਵਿਚ ਭਾਗ ਲੈਂਦੇ ਹਨ। 15.10.89 ਨੂੰ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਜਨਮ ਦਿਵਸ ਤੇ ਕੀਰਤਨ ਦੀ ਸੇਵਾ ਆਪ ਨੇ ਨਿਭਾਈ ਸੀ। ਆਪ ਨੇ ਸਥਾਨਕ ਗੁਰਦੁਆਰਿਆਂ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਕਈ ਵਾਰ ਕੀਰਤਨ ਕੀਤਾ ਹੈ। ਥਾਈਲੈਂਡ, ਹਾਂਗ-ਕਾਂਗ, ਸਿੰਘਾਪੁਰ ਆਦਿ ਦੇ ਧਾਰਮਿਕ ਅਸਥਾਨਾਂ ਤੇ ਆਪ ਕੀਰਤਨ ਦੀ ਸੇਵਾ ਕਰ ਚੁੱਕੇ ਹਨ। ਆਪ ਨੇ ਕੋਈ ਦੋ-ਢਾਈ ਸੌ ਦੇ ਕਰੀਬ ਸਿੱਖਿਆਰਥੀਆਂ ਨੂੰ ਕੀਰਤਨ ਸਿੱਖਿਆ ਵੀ ਦਿੱਤੀ ਹੈ। ਉਹ ਆਪਣੇ ਬਚਪਨ ਦੀ ਇਕ ਘਟਨਾ ਬਾਰੇ ਦੱਸਦੇ ਹਨ ਕਿ ਇਕ ਵਾਰ ਸਕੂਲ ਵਿਚ ਪੰਜਵੀਂ ਜਮਾਤ ਵਿੱਚ ਪੜ੍ਹਦਿਆਂ 'ਅਵਲ ਅਲਾਹ ਨੂਰ ਉਪਾਇਆ' ਸ਼ਬਦ ਗਾਇਨ ਕੀਤਾ ਤਾਂ ਇਸਾਈ ਪ੍ਰਿੰਸੀਪਲ ਨੇ ਗਲਵੱਕੜੀ ਵਿੱਚ ਲੈ ਕੇ ਕਿਹਾ' ਬੇਟੇ ਅੱਜ ਮੈਨੂੰ ਨੂਰ ਦੇ ਦਰਸ਼ਨ ਕਰਾ ਦਿੱਤੇ ਹਨ।" ਇਸ ਘਟਨਾ ਨੇ ਭਾਈ ਸਾਹਿਬ ਨੂੰ ਬੜਾ ਪ੍ਰਭਵਿਤ ਤੇ ਉਤਸ਼ਾਹਿਤ ਕੀਤਾ। ਉਹ ਕੀਰਤਨ ਦੀ ਦਾਤ ਸੰਬੰਧੀ ਆਖਦੇ ਹਨ ਕਿ ਉਨ੍ਹਾਂ ਦੇ ਕੋਈ ਪੂਰਬਲੇ ਚੰਗੇ ਕਰਮ ਸਨ ਜੋ ਇਹ ਦਾਤ ਪ੍ਰਾਪਤ ਹੋਈ ਹੈ। ਉਨ੍ਹਾਂ ਭਾਈ ਸਮੁੰਦ ਸਿੰਘ ਜੀ ਦੀ ਪ੍ਰਤਿਭਾ ਤੋਂ ਵਿਸ਼ੇਸ਼ ਪ੍ਰਭਾਵ ਗ੍ਰਹਿਣ ਕੀਤਾ ਹੈ। ਉਂਜ ਤਾਂ ਭਾਵੇਂ ਸਾਰੇ ਨਾਮੀ ਜਥੇ ਉਨ੍ਹਾਂ ਦੇ ਸੰਪਰਕ ਵਿਚ ਆਏ ਹਨ ਪਰ ਉਹ ਮੰਨਦੇ ਹਨ ਕਿ ਉਹਨਾਂ ਵਿੱਚ ਭਾਈ ਸਮੁੰਦ ਸਿੰਘ ਜੀ ਦੀ ਕੀਰਤਨ ਸ਼ੈਲੀ ਅਤੇ ਆਵਾਜ਼ ਨਾਲ ਇਤਨੀ ਸਮਾਨਤਾ ਆ ਗਈ ਸੀ ਕਿ ਉਨ੍ਹਾਂ ਦਾ ਵਾਰਸ ਬਣਾ ਦਿੱਤਾ। ਪ੍ਰੋ: ਪਰਮਜੋਤ ਸਿੰਘ ਨੂੰ ਭਾਈ ਸਮੁੰਦ ਸਿੰਘ ਯਾਦਗਰੀ ਅਵਾਰਡ ਨਾਲ ਸਨਮਾਨਿਆ ਵੀ ਗਿਆ ਹੈ। ਕੀਰਤਨ ਤੋਂ ਇਲਾਵਾ ਆਪ ਦਿਲਰੁਬਾ ਤੇ ਵਾਇਲਨ ਦਾ ਵੀ ਭਰਪੂਰ ਸ਼ੌਕ ਰੱਖਦੇ ਹਨ। ਨਿਸਚੇ ਹੀ ਭਾਈ ਸਾਹਿਬ ਇੱਕ ਨਿਪੁੰਨ ਕੀਰਤਨ ਕਲਾਕਾਰ ਹਨ।

ਪ੍ਰੋ: ਸਤਵਿੰਦਰ ਸਿੰਘ

# Poetry and Music

Dr. Gurnam Singh
Punjabi University Patiala

While discussing poetics, scholars have counted music and rhythm among different elements of it. In poetry, music stands for versification and it provides melody, uniformity and cadence to poetry. Though independently. Music and Poetry are highly complimentary to each other. Sound, versification and tone of poetry are directly related with music. Sound is the fundamental element in music and poetry, and it has been accepted in the Indian tradition as blissful. It is the source of song, sound and dance, and the entire world is in its will. The certain and distinct cadence of poetry versifies it. Metre is the basis of its musicality because it is in metre that the modulational form of tone is active. In this way, cadence of poetry is present at the level of internal perception of metre In music, swar (sound) is based on Naad or tone, and special kind of swar-chhand produce musical effects which are based on distinct aesthetic cadence patterns. In this way, we see that 'Nad' and 'Laya' are the source of musical creation.

The body of poetry is determined by word and its meaning. Without word which is based on sound, the birth of poetry is not possible. The meanings of the word make the listener realize the feeling and communicate a special rasa. Thus, word is the root of poetry. In music, the rasa of feeling can be enjoyed even without comprehending the meaning of the word. Even if there is no word, 'rasa' can be enjoyed only with the sound or tone. Because in music,

---

1. Sri Guru Nauak Dev Ji Adi Granth, page 1343.
2. "Na Naden vina Geetan No Naden Vina Sawara Na Naden Vina Nritya Tarmamadatamakan Jagat."

(Nibandh Sangeet, page 319)

the swar (in place of the word) remains active owing to its unlimited tonal power. Every pitch or intonation possesses a particular rasa and the different 'chhands' of these notes, according to the related rasa forms are capable of producing 'rasa' independent of the meaning of the word. That is why the language of music is universal, beyond the limitations of time and space, and conprehensible not only to the human being but even to the animals and buds. The poetry can

---

saturate human heart with 'rasa' owing to its different aesthetic characteristics. But when a poetic feeling is expressed through the medium of music, the effect of this expresstion does not remain ordinary but turns sharp nay the sharpest when these pleasurable elements of poetry and music join hands.

Grammar is also of particual importance in the unity of poetry and music. The forms that emerge from the mutual relationship between grammatical tones and notes of music are as follows :

| | | | | | |
|---|---|---|---|---|---|
| A | = | Shadaj | E | = | Rishab, |
| O | = | Gandhar, Ree | | = | Antar Gandhar |
| a | = | Madhiam, au | | = | Pancham, |
| A | = | Dhaiwat, ow | | = | Nishad. |

Because of the above grammatical forms, these notes are capable of producing the feelings of valour, romance, pity, peace and sobriety.

Another fact about tne interrelationship between music and poetry is also worth considering. Pandit Sarang Deva, the known Indian musicologist, while describing the forms of notes declares them the follower of different rasas

---

1. Thakur, Onkar Naath, Parnav Bharati,
(Partham Veena), page 19.

or sentiments and establish the foll owing relationship between notes and chhand :[1]

| | Note | Chhand |
|---|---|---|
| 1. | Shadaj | Anushtup |
| 2. | Rishab | Gayeetri |
| 3. | Gandhar | Trishatpu |
| 4. | Madhiam | Brahti |
| 5. | Pancham | Pankti |
| 6. | Dhaiwat | Ushnik |
| 7. | Nishad | Jagti |

It is obvious from the above discussion that the aesthetic relationship of music and poetry is useful and pleasure-giving only due to the unusual values emerging from that mutual identification. This occupies a place of primary importance in the hymns of Sri Guru Granth Sahib Ji Before discussing the differont poetic forms used in Sri Guru Grenth Sahib Ji for his compositions, it is necessary to understand its basic nature and tendency. This implies the necessity for discussion on the difference between Bani (Word or Logos) and poetry.

---

1. Sangeet Ra'nakra, /Trans. L.N. Garg), page 36-37.

1. Sangeet Ratnakra, (Trans. L.N. Garg),
Salok 57-58, page 36.

# ਰਾਗ ਸਿੰਧੜਾ ਸ੍ਰ: ਹਰਭਜਨ ਸਿੰਘ ਚੋਪੜਾ

ਵਾਦੀ — ਸ ਠਾਠ-ਕਾਫੀ ਸਮਾਂ-ਸ਼ਾਮ

ਸੰਵਾਦੀ—ਪ ਜਾਤ-ਓਡਵ-ਸੰਪੂਰਣ ਆਰੋਹ ਵਿਚ ਨੀ ਸ਼ੁੱਧ ਭੀ ਲਗਾਉਂਦੇ ਹਨ

ਆਰੋਹ—ਸ ਰ ਮ ਪ ਧ ਸੰ। ਅਵਰੋਹ—ਸੰ ਨੁ ਧ ਪ ਮ ਗੁ ਰ ਸ, ਗੁ ਰ ਸ।

ਪਕੜ— ਮ ਪ ਧ ਸੰ ਰੰ ਗੁੰ ਰੰ ਸੰ

## ਤਾਲ ਝਪ 10 ਮਾਤਰਾ

| | X | | X | | | O | | X | | |
|---|---|---|---|---|---|---|---|---|---|---|
| | 1 | 2 | 3 | 4 | 5 | 6 | 7 | 8 | 9 | 10 |
| ਅਸਥਾਈ | ਸੰ | -- | ਨੁਧ | ਪਮ | ਪ | ਧਨੁ | ਧਪ | ਗੁ | — | ਰ |
| | ਅੰ | S | ਤੁ | S | ਨ | ਪਾ | S | ਵ | S | ਤ |
| | ਗੁ | — | ਮ | — | ਪ | ਗੁ | ਰ | ਸ | — | ਸ |
| | ਦੇ | S | ਵ | S | ਸ੍ਰ | ਬੈ | S | ਮੁ | S | ਨਿ |
| | ਸ | ਸ | ਮ | — | ਮ | ਪ | — | ਨੁਧ | ਪਮ | ਪ |
| | ਇੰ | ਦ | ਰ | S | ਮ | ਹਾ | S | ਸਿ | S | ਵ |
| | ਨ | — | ਸੰ | — | ਰੰ | ਸੰ | ਨੁ | ਧਪ | ਮ | ਪ |
| | ਜੋ | S | ਗ | S | ਕ | ਰੀ | S | S | S | S |
| | | | | | | | | | | ਸੰ |
| | | | | | | | | | | ਫੁਨਿ |
| ਅੰਤਰਾ | ਮ | — | ਪ | — | ਨ | ਸੰ | — | ਸੰ | — | ਸੰ |
| | ਬੇ | S | ਦ | S | ਬਿ | ਰੰ | S | ਚਿ | S | ਫੁਨਿ |
| | ਨ | ਸੰ | ਟਸੰ | ਰੰਗੁੰ | ਰੰ | ਸੰ | ਨੁ | ਧ | ਪ | ਪ |
| | ਚਾ | S | S | ਰਿ | ਰ | ਹਿ | ੳ | ਹ | S | ਰਿ |
| | ਨੁ | ਧ | ਨੁ | ਪ | ਪ | ਧ | ਮ | ਪ | — | ਪ |
| | ਜਾ | S | ਪੁ | S | ਨ | ਛਾ | S | ਡ | S | ਉ |
| | ਨ | — | ਸੰ | — | ਰੰ | ਸੰ | ਨੁ | ਧਪ | ਮ | ਪ |
| | ਏ | S | ਕ | S | ਘ | ਰੀ | S | S | S | S |

## ਸਵੱਈਏ ਮਹਲੇ ਪੰਜਵੇਂ ਕੇ ਪੰ. (1408-9)

ਅੰਤੁ ਨ ਪਾਵਤ ਦੇਵ ਸਬੈ, ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥

ਫੁਨਿ ਬੇਦ ਬਿਰੰਚਿ ਬਿਚਾਰ ਰਹਿਓ, ਹਰਿ ਜਾਪੁ ਨ ਛਾਡਉ ਏਕ ਘਰੀ ॥

ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ, ਸੰਗਤਿ ਸ੍ਰਿਸਟਿ ਨਿਹਾਲੁ ਕਰੀ ॥

ਰਾਮ ਦਾਸਿ ਗੁਰੂ ਜਗ ਤਾਰਨ ਕਉ, ਗੁਰ ਜੋਤਿ ਅਰਜੁਨ ਮਾਹਿ ਧਰੀ ॥

# ਰਾਗ ਲਲਿਤ ਤਿੰਨ ਤਾਲ

ਥਾਟ ਮਾਰਵਾ, ਵਾਦੀ ਮਾ, ਸੰਵਾਦੀ ਸਾਂ

**ਆਰੋਹ :** ਨ਼ ਰੁ ਗ ਮ ਮੇ ਮ ਗ ਮੇ ਧ ਸਂ, **ਅਵਰੋਹ :** ਰੁਂ ਨ ਧ ਮੇ ਧ ਮੇ ਮ ਗ ਰੁ ਸਾ

**ਸਥਾਈ :—** ਮਾਘ ਬਿਖੈ ਮਿਲ ਕੈ ਹਰੀ ਸੋਂ ਹਮ ਸੋ ਰਸ ਰਾਸ ਕੀ ਖੇਲ ਮਚਾਈ ।
ਕਾਨ੍ਹ ਬਜਾਵਤ ਥੋ ਮੁਰਲੀ, ਤਿਹ ਅਉਸਰ ਕੋ ਬਰਨਯੋ ਨਹਿ ਜਾਈ ॥

**ਅੰਤਰਾ :** ਫੂਲਿ ਰਹੇ ਤਹਿ ਫੂਲ ਭਲੇ, ਪਿਖਿਯ ਜਿਹ ਰੀਝਰ ਹੈ ਸੁਰਰਾਈ ।
ਤਉਨ ਸਮੈ ਸੁੱਖ ਦਾਇਕ ਥੀ ਰਿਤੁ, ਸਯਾਮ ਬਿਨਾਂ ਅਬ ਥੀ ਦੁਖਦਾਈ ।

(ਦਸਮ ਗਰੰਥ)

## ਸਥਾਈ

| X | 2 | O | 3 |
|---|---|---|---|
| | | ਮੇ ਗ ਰੁ ਸਾ | ਨ਼ ਰੁ ਗ ਮ |
| | | ਮਾ s ਘ ਬਿ | ਖੈ s ਮਿ ਲ |
| | | O | 3 |
| ਧੁ - ਮੇ ਧੁ | ਮੇ ਮ ਮ ਮ | ਗ - ਮੇ ਧੁ | ਨੀਧੁ ਮੇਧੁ ਨੀ ਧੁ |
| ਕੈ s ਹ ਰੀ | ਸੋਂ s ਹ ਮ | ਸੋ s ਰ ਸ | ਰਾs ss ਸ ਕੀ |
| X | 2 | O | 3 |
| ਮੇ ਧੁ ਮੇ ਮ | ਮੇ ਗ ਰੁ ਸਾ | ਗ - ਮੇ ਮੇ | ਧੁ - ਮੇ ਧੁ |
| ਖੇ s ਲ ਮ | ਚਾ s ਈ s | ਕਾ s ਨ ਬ | ਜ਼ਾ s ਵ ਤ |
| X | 2 | O | 3 |
| ਮੇਧੁ ਸਾਂਸਾਂ ਸਾਂ ਸਾਂ | ਨੀ ਰੁਂ ਸਾਂ ਸਾਂ | ਨੀਸਾਂ ਰੁਂ ਨੀ ਧੁ | ਮੇ ਧੁ ਮੇ ਮ |
| ਥੋs ss ਮੁ ਰ | ਲੀ s ਤਿ ਹ | ਅਉ s ਸ ਰ | ਕੋ s ਬ ਰ |
| X | 2 | O | 3 |
| ਗਮੇ ਧੁਸਾਂ ਨੀਰੇਂ ਨੀਧੁ | ਮੇਧੁ ਮੇਮ ਮੇਗ ਰੁਮ | | |
| ਨਯੋ ss sਨ ਹਿs | ਜਾs ss ਈs ss | | |

## ਅੰਤਰਾ

| | | | |
|---|---|---|---|
| | | ਮੇ - ਧੁ ਧੁ | ਮੇਧੁ ਸਾਂ ਸਾਂ ਮਾਂ |
| | | ਛੂ ऽ ਲਿ ਰ | ਹੇऽ ऽ ਤ ਹਿ |
| | | O | 3 |
| ਸਾਂ - ਸਾਂ ਸਾਂ | ਨੀ ਰੇਂ ਸਾਂ ਸਾਂਸਾਂ | ਨੀ ਰੇਂ ਗਂ ਰੇਂ | ਨੀ ਰੇਂ ਸਾਂ ਸਾਂ |
| ਫੂ ऽ ਲ ਭ | ਲੇ ऽ ऽ ਪਿਖਿ | ਘੇ ऽ ਜਿ ਹ | ਰੀ ऽ ਝ ਰ |
| X | 2 | O | 3 |
| ਰੇਂਸਾਂ ਨੀਸਾਂ ਰੇਂ ਨੀ | ਧੁਮੇ ਧੁ ਮੇ ਮ | ਮੇ ਗ ਮੇ ਧੁ | ਮੇਧੁ ਸਾਂ ਸਾਂ ਸਾਂ |
| ਹੈऽ ऽऽ ਸੁ ਰ | ਰਾ ऽ ਈ ऽ | ਤਉ ऽ ਨ ਸ | ਮੈऽ ऽ ਸੁ ਖ |
| X | 2 | O | 3 |
| ਧੁਨੀ ਧੁਰੇਂ ਨੀ ਧੁ | ਮੇ ਧੁਮੇ ਮ ਗ | ਗਮ ਧੁ ਮੇ ਮ | ਮੇ ਗ ਰੁ ਸਾ |
| ਦਾ ऽऽ ਇ ਕ | ਥੀ ऽऽ ਰਿ ਤੁ | ਸਯਾ ऽ ਮ ਥਿ | ਨਾ ऽ ਅ ਬ |
| X | 2 | O | |
| ਨੀਰੁ ਗਮੇ ਧੁਨੀ ਰੁਂਰੁਂ | ਨੀਧੁ ਮੇਮ ਮੇਮਾ ਰੇਸਾ | | |
| ਭੀऽ ऽऽ ਦੁऽ ਖऽ | ਦਾऽ ऽऽ ਈ ऽऽ | | |
| X | 2 | O | 3 |

# ਸੰਗੀਤ ਅਤੇ ਕੀਰਤਨ ਕੈਸਟਾਂ

ਵਧਾਈਆਂ 'ਅਲਪ ਮਿਊਜ਼ੀਕਲ ਵਾਇਸ' ਕੰਪਨੀ ਨੇ ਭਾਈ ਦਵਿੰਦਰ ਸਿੰਘ ਸੋਢੀ ਦੇ ਕੀਰਤਨ ਦੀ ਨਵੀਂ ਕੈਸਟ ਤਿਆਰ ਕੀਤੀ ਹੈ। ਇਸ ਕੈਸਟ ਵਿੱਚ ਖੁਸ਼ੀ ਦੇ ਮੌਕੇ ਤੇ ਗਾਏ ਜਾਣ ਵਾਲੇ ਛੇ ਸ਼ਬਦ ਰਿਕਾਰਡ ਕੀਤੇ ਹੋਏ ਹਨ। ਇਸੇ ਕਰਕੇ ਇਸ ਕੈਸਟ ਦਾ ਨਾਮ 'ਵਧਾਈਆਂ' ਰੱਖਿਆ ਗਿਆ ਹੈ।

ਪਿਛਲੇ ਕੁਝ ਸਾਲਾਂ ਵਿੱਚ ਕੀਰਤਨ ਦੀਆਂ ਕੈਸਟਾਂ ਦੀ ਲੋਕ ਪ੍ਰਿਯਤਾ ਵਧੇਰੇ ਕਰਕੇ ਉਸ ਵਿੱਚ ਕੀਤੀ ਵਿਆਖਿਆ ਕਾਰਨ ਮੰਨੀ ਜਾਂਦੀ ਸੀ। ਇਸ ਕਰਕੇ ਚੰਗੇ ਚੰਗੇ ਕੀਰਤਨੀਏ ਵੀ ਆਪ-ਣੀਆਂ ਕੀਰਤਨ ਕੈਸਟਾਂ ਵਿਚ ਵਿਆਖਿਆ ਵਧੇਰੇ ਕਰਦੇ ਸਨ ਅਤੇ ਕੀਰਤਨ ਘੱਟ। ਪਰ ਭਾਈ ਹਰਜਿੰਦਰ ਸਿੰਘ ਹੋਰਾਂ ਦੀਆਂ ਨਿਰੋਲ ਕੀਰਤਨ ਦੀਆਂ ਕੈਸਟਾਂ ਪ੍ਰਚਲਤ ਹੋਣ ਕਾਰਨ ਹੁਣ ਫਿਰ ਨਿਰੋਲ ਕੀਰਤਨ ਪਸੰਦ ਕੀਤਾ ਜਾਣ ਲੱਗ ਪਿਆ ਹੈ।

'ਵਧਾਈਆਂ' ਕੈਸਟ ਵੀ ਨਿਰੋਲ ਕੀਰਤਨ ਦੀ ਕੈਸਟ ਹੈ। ਭਾਈ ਦਵਿੰਦਰ ਸਿੰਘ ਸੋਢੀ ਹੋਰਾਂ ਵੱਲੋਂ ਵਿਆਖਿਆ ਤਿਆਗ ਕੇ ਨਿਰੋਲ ਕੀਰਤਨ ਦੇ ਰੁਝਾਨ ਨੂੰ ਚੰਗਾ ਰੁਝਾਨ ਕਿਹਾ ਜਾ ਸਕਦਾ ਹੈ। ਸੋਢੀ ਸਾਹਿਬ ਸੁਲਝੇ ਹੋਏ ਕੀਰਤਨੀਏ ਹਨ ਅਤੇ ਨਿਰੋਲ ਕੀਰਤਨ ਨਾਲ ਵੀ ਮਕ-ਬੂਲੀਅਤ ਹਾਸਲ ਕਰਦੇ ਹਨ। ਇਸ ਕੈਸਟ ਵਿਚ ਉਹਨਾਂ ਦੀਆਂ ਰੀਤਾਂ ਅਤੇ ਉਹਨਾਂ ਨਾਲ ਵਜਾਇਆ ਹਰਮੋਨੀਅਮ ਉਹਨਾਂ ਦੀ ਸੰਗੀਤ ਸੂਝ ਦੇ ਲਖਾਇਕ ਹਨ। ਭਾਵੇਂ ਸਾਰੀ ਕੈਸਟ ਵਿਚ ਉਹਨਾਂ ਇਕ ਵੀ ਸ਼ਬਦ ਕਲਾਸੀਕਲ ਢੰਗ ਨਾਲ ਗਾਇਨ ਨਹੀਂ ਕੀਤਾ। ਪੂਤਾ ਮਾਤਾ ਕੀ ਆਸੀਸ ਸ਼ਬਦ ਭਾਈ ਬਖਸ਼ੀਸ਼ ਸਿੰਘ ਜੀ ਦੀ ਸ਼ੈਲੀ ਅਨੁਸਾਰ ਗਾਇਆ ਹੈ। ਸ਼ਬਦਾਂ ਵਿੱਚ ਫਿਲਮੀ ਟਿਊਨਾਂ ਅਤੇ ਧੁਨਾਂ ਗਾਉਣ ਵਜਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਨਾਲ ਕਿਤੇ ਨਾ ਕਿਤੇ ਫਿਲਮੀ ਗਾਣੇ ਦੇ ਬੋਲ ਕਲਪਨਾਂ ਵਿਚ ਗੂੰਜਣ ਦਾ ਖਤਰਾ ਬਣਿਆ ਰਹਿੰਦਾ ਹੈ। ਨਿਰੋਲ ਕੀਰਤਨ ਪੱਖੋਂ ਇਸ ਕੈਸਟ ਦੇ ਵਧੇਰੇ ਪ੍ਰਚਲਤ ਹੋਣ ਦੀ ਸੰਭਾਵਨਾ ਹੈ।

---

## *ਇੱਕ ਨਿਵੇਕਲੀ ਕੈਸੱਟ*

'ਗੁਰਮਤਿ ਸੰਗੀਤ' ਵਲੋਂ ਤਿਆਰ ਕੀਤੀ

**ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਦੀ ਨਵੀਂ ਕੈੱਸਟ**

ਪਹਿਲਾ ਸ਼ਬਦ-ਮੋਹਨੁ ਪ੍ਰਾਨ ਮਾਨ ਰਾਗੀਲਾ (ਰਾਗ ਗੂਜਰੀ)

ਦੂਜਾ ਸ਼ਬਦ-ਸਭ ਮਦ ਮਾਤੇ ਕੋਈ ਨ ਜਾਗ (ਰਾਗ ਬਸੰਤ)

# ਬਾਰਾਂ ਮਾਂਹ ਗਾਇਨ :

## ਭਾਈ ਸੋਹਣ ਸਿੰਘ ਰਸੀਆ

ਅੱਜ ਕੱਲ ਬਾਜ਼ਾਰ ਵਿੱਚ ਵਿਕਣ ਵਾਲੀਆਂ ਕੈਸਟਾਂ ਵਿੱਚ ਆਮ ਤੌਰ ਤੇ ਪ੍ਰਚਲੱਤ ਸ਼ਬਦਾਂ ਦਾ ਹੀ ਗਾਇਨ ਕੀਤਾ ਜਾਂਦਾ ਹੈ। ਕੈਸਟਾਂ ਬਣਾਉਣ ਵਾਲੀਆਂ ਕੰਪਨੀਆਂ ਵਿਕਰੀ ਪੱਖ ਨੂੰ ਧਿਆਨ ਵਿੱਚ ਰੱਖ ਕੇ ਕੈਸਟਾਂ ਤਿਆਰ ਕਰਦੀਆਂ ਹਨ। ਕੀਰਤਨੀਏ ਵੀ ਇਹਨਾਂ ਕੈਸਟਾਂ ਵਿੱਚ ਕੀਰਤਨ ਦੀ ਟਕਸਾਲੀ ਸ਼ੈਲੀ ਨੂੰ ਛੱਡ ਕੇ ਉਸ ਸ਼ੈਲੀ ਵਿੱਚ ਕੀਰਤਨ ਕਰਦੇ ਹਨ ਜਿਸ ਵਿੱਚ ਉਹਨਾਂ ਦਾ ਕੀਰਤਨ ਵਧੇਰੇ ਪ੍ਰਚੱਲਤ ਹੋਵੇ।। ਪਰ ਜਦੋਂ ਕੋਈ ਭਾਈ ਸੋਹਣ ਸਿੰਘ ਰਸੀਆ ਜਿਹਾ ਕੀਰਤਨੀਆਂ ਨਿਵੇਕਲੇ ਕਵਿ ਰੂਪ ਨੂੰ ਲੈ ਕੇ ਆਪਣੀ ਮੌਲਿਕ ਪਰ ਕਲਾਸੀਕਲ ਸੰਗੀਤ ਤੇ ਅਧਾ-ਰਤ ਸ਼ੈਲੀ ਵਿੱਚ ਕੀਰਤਨ ਕਰਦਾ ਹੈ ਤਾਂ ਖੁਸ਼ੀ ਜ਼ਰੂਰ ਹੁੰਦੀ ਹੈ। ਭਾਈ ਸਾਹਿਬ ਨੇ ਮਾਝਰਾਗ ਵਿੱਚ ਰਚੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਬਾਰਾਂ ਮਾਂਹ ਨੂੰ ਇਕ ਕੈਸਟ ਵਿੱਚ ਗਾਇਨ ਕੀਤਾ ਹੈ। ਕੈਸਟ ਗੋਲਡਨ ਮੈਲੋਡੀ ਵਾਲਿਆਂ ਤਿਆਰ ਕੀਤੀ ਹੈ ਅਤੇ ਇਸ ਦਾ ਨੰਬਰ GM 18 ਹੈ।

ਭਾਈ ਸੋਹਣ ਸਿੰਘ ਰਸੀਆ ਨੇ ਇੱਕ ਬਾਰਾਂ ਮਾਂਹ ਦੇ ਬਾਰਾਂ ਮਹੀਨੇ ਅਤੇ ਇੱਕ ਬੰਦ ਆਦਿ ਅਤੇ ਅੰਤ ਦਾ ਕੁਲ ਚੌਦਾਂ ਬੰਦਾਂ ਦਾ ਗਾਇਨ ਕੀਤਾ ਹੈ। ਕੈਸਟਾਂ ਦੀ ਏ ਅਤੇ ਬੀ ਸਾਇਡਾਂ ਵਿੱਚ 7-7 ਸ਼ਬਦ ਭਰੇ ਗਏ ਹਨ। ਜਿਸ ਤਰ੍ਹਾਂ ਵੱਖ ਵੱਖ ਮਹੀਨਿਆਂ ਵਾਲੇ ਬੰਦਾਂ ਵਿੱਚ ਰੁੱਤਾਂ ਅਨੁਸਾਰ ਵੱਖ ਭਾਵ ਮੰਡਲ ਹੈ ਰਸੀਆਂ ਜੀ ਨੇ ਵੀ ਵੀ ਉਸੇ ਮੌਸਮ ਅਨੁਆਰ ਵੱਖ ਵੱਖ ਰਾਗਾਂ ਵਿੱਚ ਕੀਰਤਨ ਕੀਤਾ ਹੈ। ਕਿਤੇ ਬਰਖਾ ਰੁੱਤ ਵਿੱਚ ਮਲਾਰ, ਬਸੰਤ ਵਿੱਚ ਪੂਰਬੀ ਬਸੰਤ, ਫੱਗਣ ਵਿੱਚ ਬਾਹਰ ਦਾ ਗਾਇਨ ਹੈ। ਇਸ ਦੇ ਨਾਲ ਨਾਲ ਮਾਝ, ਅਲਕੌਸ ਗੁਜਰੀ ਸਾਰੰਗ ਆਦਿ ਰਾਗਾਂ ਦੀਆਂ ਝਲਕੀਆਂ ਮਿਲਦੀਆਂ ਹਨ। ਕੈਸਟ ਵਿੱਚ ਭਰੇ ਕੀਰਤਨ ਦੀ ਵਿਸ਼ੇਸ਼ਤਾ ਇਹ ਹੈ ਕਿ ਰਾਗਾਂ ਉੱਤੇ ਅਧਾਰਤ ਹੁੰਦਿਆਂ ਹੋਇਆਂ ਵੀ ਇਥੇ ਸੁਗਮ ਸੰਗੀਤ ਅਤੇ ਲੋਕ ਸੰਗੀਤ ਨਾਲ ਨਿਕਟਤਾ ਰੱਖੀ ਗਈ ਹੈ।

ਰਸੀਆ ਜੀ ਦੇ ਸੁਰਾਂ ਵਿੱਚ ਰਸ ਤਾਂ ਹੈ ਹੀ। ਉਹਨਾਂ ਦੀ ਆਵਾਜ਼ ਵੀ ਰਿਆਜ਼ੀ ਹੈ ਨਾਲ ਹੀ ਸਾਥੀਆਂ ਦੀਆਂ ਆਵਾਜ਼ਾਂ ਵੀ ਸੁਰੀਲੀਆਂ ਅਤੇ ਮਿਲਤ ਭਰਪੂਰ ਹਨ। ਇਸ ਕੈਸਟ ਵਿੱਚ ਉਹਨਾਂ ਨੇ ਕਾਫੀ ਸੰਜਮ ਨਾਲ ਗਾਇਨ ਪੇਸ਼ ਕੀਤਾ ਹੈ ਜਿਸ ਕਾਰਨ ਕੀਰਤਨ ਦਾ ਪ੍ਰਭਾਵ ਸਮੱਗਰ ਰੂਪ ਵਿਚ ਪੈਂਦਾ ਹੈ।

ਇਸ ਨਿਵੇਕਲੀ ਕੈਸਟ ਦਾ ਸੁਆਗਤ ਕੀਤਾ ਜਾਣਾ ਚਾਹਿਦਾ ਹੈ।

# ਸਦਾ ਬਹਾਰ ਸੰਗੀਤ

**ਸਰੋਦ ਵਾਦਨ** ਵਿੱਚ ਭਾਵੇਂ ਅਜਮਦ ਅਲੀ ਖਾਂ ਦਾ ਨਾਮ ਪ੍ਰਸਿਧ ਹੈ ਪਰ ਸੰਗੀਤ ਪ੍ਰੇਮੀ ਉਸਤਦ ਹਾਫਿਜ਼ ਅਲੀ ਖਾਂ ਨੂੰ ਵੀ ਅਜੇ ਤੱਕ ਭੁਲਾ ਨਹੀਂ ਸਕੇ। ਸਮਾਂ ਮਿਲੇ ਤਾਂ ਉਹਨਾਂ ਦਾ ਸਰੋਦ ਵਾਦਨ ਸੁਣਨ ਲਈ ਬੇਤਾਬ ਰਹਿੰਦੇ ਹਨ। ਐਚ. ਐਮ. ਵੀ. ਨੇ ਆਲ ਇੰਡੀਆ ਰੇਡੀਓ ਦੇ ਸਹਿਯੋਗ ਨਾਲ ਸਵਰਗੀ ਹਾਫਿਜ਼ ਅਲੀ ਖਾਂ ਸਾਹਿਬ ਦੇ ਸਰੋਦ ਵਾਦਨ ਦਾ ਇਕ ਕੈਸਟ ਰਿਲੀਜ਼ ਕੀਤਾ। ਜੋ ਸੰਗੀਤ ਪ੍ਰੇਮੀਆਂ ਦੀ ਖੁਸ਼ੀ ਦਾ ਕਾਰਨ ਬਣੇਗਾ।

ਹਾਫਿਜ਼ ਅਲੀ ਖਾਂ ਸਾਹਿਬ ਨੇ ਮੁਢਲੀ ਸਿਖਿਆ ਆਪਣੇ ਪਿਤਾ ਨੰਨੇ ਖਾਂ ਤੋਂ ਲਈ ਸੀ। ਧਰੁਪਦ ਅਤੇ ਧਮਾਰ ਵਿਚ ਉਹਨਾਂ ਦੇ ਉਸਤਾਦ ਸ੍ਰੀ ਗਣੇਸ਼ੀ ਲਾਲ ਸਨ।

ਖਾਂ ਸਾਹਿਬ ਨੂੰ ਹੋਰ ਸਨਮਾਨਾਂ ਦੇ ਨਾਲ ਨਾਲ ਸੰਗੀਤ ਨਾਟਕ ਅਕਾਡਮੀ ਤੋਂ ਪੁਰਸਕਾਰ ਪ੍ਰਾਪਤ ਹੋਇਆ। ਉਹ ਪਦਮ ਭੂਸ਼ਣ ਦੀ ਉਪਾਧੀ ਨਾਲ ਵੀ ਸਨਮਾਨੇ ਗਏ।

ਸੰਨ 1972 ਵਿੱਚ 95 ਸਾਲ ਦੀ ਉਮਰ ਵਿਚ ਉਹਨਾਂ ਦਾ ਦੇਹਾਂਤ ਹੋ ਗਿਆ ਹੈ। ਉਹਨਾਂ ਦੇ ਦੇਹਾਂਤ ਦੇ 18 ਸਾਲ ਬਾਦ ਵੀ ਸੰਗੀਤ ਸਰੋਤੇ ਉਹਨਾਂ ਦੇ ਪ੍ਰੇਮੀ ਹਨ। ਇਸਕੈਸਟ ਵਿਚ ਰਾਗ ਮੀਆਂ ਮਲ੍ਹਾਰ, ਰਾਗ ਸਾਂਝ ਤਰਿਣੀ ਅਤੇ ਰਾਗ ਭੈਰਵੀ ਵਿਚ ਖਾਂ ਸਾਹਿਬ ਦਾ ਸਰੋਦ ਸੁਣਨ ਨੂੰ ਮਿਲਦਾ ਹੈ। ਇਿਆ ਲੀ ਰੁਪਏ ਦੀ ਇਹ ਕੈਸਟ ਸੰਗੀਤ ਪ੍ਰੇਮੀਆਂ ਲਈ ਇੱਕ ਤੋਹਫਾ ਹੀ ਹੈ।

## ਪੰਡਿਤ ਭੀਮ ਸੈਨ ਜੋਸ਼ੀ ਦਾ ਸੰਗੀਤ

ਪੰਡਿਤ ਭੀਮ ਸੈਨ ਜੋਸੀ ਦੇ ਗਾਇਨ ਦੇ ਨਾਲ ਉਹਨਾਂ ਦੀ ਮੂਰਤ ਵੀ ਆਮ ਸਰੋਤਿਆਂ ਨੂੰ ਯਾਦ ਹੋ ਗਈ ਹੈ। ਟੀ ਵੀ. ਉੱਤੇ ਮਿਲੇ ਸੁਰ ਮੇਰਾ ਤੁਮਾਰਾ ਵਿਚ ਖਹਿਲੋ ਗਾਇਨ ਉਹ ਹੀ ਦਿੱਸਦੇ ਰਹੇ ਹਨ। ਐਚ. ਐਮ. ਵੀ ਨੇ ਉਹਨਾਂ ਦੀ ਨਵੀਂ ਕੈਸਟ ਸੰਗੀਤ ਅੰਕ੍ਰਿਤ ਕੀਤੀ ਹੈ। ਸੰਗੀਤ ਪ੍ਰੇਮੀਆਂ ਨੂੰ ਇਸ ਕੈਸਟ ਵਿਚ ਰਾਗ ਸੁਰ-ਮਲਾਰ ਅਤੇ ਰਾਗ ਮਾਰਵਾ ਸੁਣਨ ਨੂੰ ਮਿਲ ਸਕਦੇ ਹਨ। 'ਏ' ਸਾਈਡ ਇਕ ਤਾਲ ਰਾਗ ਸੁਰ ਮਲਾਰ ਵਿਲੰਬਤ ਖਿਆਲ ਅਤੇ ਤਿੰਨ ਤਾਲ ਵਿਚ ਦਰੁਤ ਖਿਆਲ ਰਿਕਾਰਡ ਹਨ। ਸਾਈਡ ਬੀ ਵਿਚ ਵਿਲੰਬਿਤ ਇਕ ਤਾਲ ਵਿਚ ਮਾਰਵਾ ਦਾ ਖਿਆਲ ਅਤੇ ਦਰੁਤ ਵਿਚ ਤਿੰਨ ਤਾਲ ਵਿਚ ਤਰਾਨਾ ਪੇਸ਼ ਕੀਤਾ ਗਿਆ ਹੈ ਕੈਸਟ ਦੀ ਕੀ ਕੀਮਤ ਬਤਾਲੀ ਰੁਪਏ ਹੈ ਪਰ ਭੀਮ ਸੈਨ ਜੋਸ਼ੀ ਅਤੇ ਕਲਾਸੀਕਲ ਸੰਗੀਤ ਦੇ ਪ੍ਰੇਮੀ ਇਸ ਨੂੰ ਖਰੀਦ ਹੀ ਲੈਣਗੇ।

---


# Gurnam Singh & Co.

Tubewell Engineers and Consultants.



Camp office
BasantNagar,
Dera Bassi-140507.
Distt.Patiala
Ph 155
No 55

Sco No. 489-490,
Sector-35-C,
Chandigarh.

A Company which has no match in north India is proud of having 35 years intensive experience in deep tubewell drilling. dam foundation grouting and diamond core drilling. Qualified engineers with latest technical knowhow are backed by heavy duty direct rotaries, reverse rotaries, percussion rigs, diamond core drilling rigs, grout pumps and giant compressors. Supere command in drilling if deep tubewells in hilly areas from pathankot to maldah. (w. Bengal) challenges accepted with cheer A job undertaken is handed over with full satisfaction. Our services are available to agriculturists industrialisrs and public & private sector institutions irrigation & public health deptts.

# ਕੀਰਤਨ ਅਤੇ ਸੰਗੀਤ ਸਮਾਚਾਰ

**ਸ਼ਿਮਲਾ** : ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵੱਲੋਂ ਮਹਾਨ ਗੁਰਮਤਿ ਸਮਾਗਮਾਂ ਦੀ ਲੜੀ ਆਰੰਭ ਕੀਤੀ ਗਈ । ਮਾਰਚ 8, 1990 ਤੋਂ ਆਰੰਭ ਹੋਈ ਇਹ ਲੜੀ 3 ਮਈ 1990 ਤੱਕ ਨਿਰੰਤਰ ਚਲਦੀ ਰਹੀ । ਪ੍ਰੋ: ਦਰਸ਼ਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਡਾਕਟਰ ਜਾਗੀਰ ਸਿੰਘ (ਅੰਮ੍ਰਿਤ ਕੀਰਤਨ ਵਾਲੇ) ਭਾਈ ਹਰਜੀਤ ਸਿੰਘ ਗੁਰਦੀਪ ਸਿੰਘ, ਦਿੱਲੀ, ਭਾਈ ਹਰਜਿੰਦਰ ਸਿੰਘ, ਸ੍ਰੀ ਨਗਰ, ਭਾਈ ਗੁਰਦਿਆਲ ਸਿੰਘ ਮੋਹਾਲੀ ਅਤੇ ਭਾਈ ਕਰਮਜੀਤ ਸਿੰਘ ਹਜ਼ੂਰੀ ਰਾਗੀ ਨੇ ਇਨ੍ਹਾਂ ਸਮਾਗਮਾਂ ਵਿਚ ਆਪਣੇ ਮਧੁਰ ਕੀਰਤਨ ਰਾਹੀਂ ਗੁਰਬਾਣੀ ਦੇ ਭਾਵ ਸੰਗਤਾਂ ਦੇ ਹਿਰਦਿਆਂ ਵਿਚ ਉਤਾਰਨ ਦਾ ਜਤਨ ਕੀਤਾ 3 ਮਈ 1990 ਤੋਂ 6 ਮਈ 1990 ਤੱਕ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਨੇ ਨਾਮ ਦ੍ਰਿੜ ਸਮਾਗਮ ਵਿਚ ਭਾਗ ਲਿਆ ਕਥਾ ਅਤੇ ਕੀਰਤਨ ਤੋਂ ਬਿਨ੍ਹਾਂ ਸ਼ਬਦ ਗਾਇਨ ਗੁਰਬਾਣੀ ਕੰਠ ਕਰਨ ਅਤੇ ਸਿੱਖ ਧਰਮ ਸੰਬੰਧੀ ਵਿਚਾਰ ਬੱਚਿਆਂ ਵਿਚ ਭਰਨ ਲਈ ਇਨ੍ਹਾਂ ਖੇਤਰਾਂ ਵਿਚ ਬੱਚਿਆਂ ਦੇ ਮੁਕਾਬਲੇ ਕਰਵਾਏ ਗਏ ਹਨ । 27 ਅਪ੍ਰੈਲ ਨੂੰ ਮਹਾਨ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ ।

**ਦਿੱਲੀ** : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗੁਰਦਵਾਰਾ ਜੰਗਾ ਸਿੰਘ ਈਸਟ ਪਟੇਲ ਨਗਰ ਵਿਖੇ 14 ਅਪ੍ਰੈਲ 1990 ਨੂੰ ਰੈਣ ਸਬਾਈ ਕੀਰਤਨ ਦਰਬਾਰ ਸਜਾ ਕੇ ਖਾਲਸ ਪੰਥ ਦਾ ਜਨਮ ਦਿਵਸ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ ਇਹ ਕੀਰਤਨ ਦਰਬਾਰ 7 ਵਜੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪਟੇਲ ਨਗਰ ਦੇ ਕੀਰਤਨ ਨਾਲ ਆਰੰਭ ਹੋਇਆ ਅਤੇ ਅਤੇ ਅਗਲੇ ਦਿਨ ਸਵੇਰੇ 6 ਵਜੇ ਪ੍ਰੋਫੈਸਰ ਦਰਸ਼ਨ ਸਿੰਘ ਖਾਲਸਾ, ਜਥੇਦਾਰ ਸ੍ਰੀ ਅਕਾਲ ਤਖ਼ਤ ਦੇ ਕੀਰਤਨ ਉਪਰੰਤ ਅਰਦਾਸ ਪਿੱਛੋਂ ਸਮਾਪਤ ਹੋਇਆ ਸਾਰੀ ਰਾਤ ਚੱਲਦਾ ਰਹਿਣ ਵਾਲੇ ਇਸ ਕੀਰਤਨ ਦਰਬਾਰ ਵਿਚ ਹਰ ਜਸ ਕੀਰਤਨੀ ਜਥਾ ਜਮਨਾ ਪਾਰ ਵਾਲੇ ਗੁਰਮੀਤ ਸਿੰਘ, ਭਾਈ ਚਮਨ ਲਾਲ, ਭਾਈ ਸਾਧੂ ਸਿੰਘ ਦੇਹਰਾ ਦੂਨ, ਭਾਈ ਹਰਜਿੰਦਰ ਸਿੰਘ ਸ੍ਰੀ ਨਗਰ, ਅਕਾਲ ਸੰਗੀਤ ਸਭਾ ਅੰਮ੍ਰਿਤਸਰ, ਭਾਈ ਗੁਰਚਰਨ ਸਿੰਘ ਰਸੀਆ, ਲੁਧਿਆਣਾ, ਡਾਕਟਰ ਜਾਗੀਰ ਸਿੰਘ (ਅੰਮ੍ਰਿਤ ਕੀਰਤਨ ਵਾਲੇ) ਅਤੇ ਭਾਈ ਬਲਵਿੰਦਰ ਸਿੰਘ ਰੰਗੀਲਾ, ਚੰਡੀਗੜ੍ਹ ਦੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ । ਇਸ ਕੀਰਤਨ ਦਰਬਾਰ ਸਮੇਂ ਸਾਰੀ ਰਾਤ ਗੁਰੂ ਦਾ ਲੰਗਰ ਅਤੁੱਟ ਵਰਤਦਾ ਰਿਹਾ ।

**ਅੰਮ੍ਰਿਤਸਰ** : ਨੌਜਵਾਨ ਸੇਵਕ ਸਭਾ ਅੰਮ੍ਰਿਤਸਰ ਵੱਲੋਂ 1 ਅਪ੍ਰੈਲ 1990 ਨੂੰ ਸ਼ਾਮ 4 ਵਜੇ ਤੋਂ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਕੀਰਤਨ ਦਰਬਾਰ ਅਯੋਜਿਤ ਕੀਤਾ ਗਿਆ । ਇਸ ਕੀਰਤਨ ਦਰਬਾਰ ਵਿਚ ਭਾਗ ਲੈਣ ਲਈ ਹੇਠ ਲਿਖੇ ਕੀਰਤਨੀ ਜਥਿਆਂ ਨੂੰ ਸੱਦਿਆ ਗਿਆ ।

ਭਾਈ ਜਸਬੀਰ ਸਿੰਘ ਦਿੱਲੀ, ਭਾਈ ਗੁਰਇਕਬਾਲ ਸਿੰਘ ਗੁ: ਮਾਤਾ ਕੌਲਾਂ ਜੀ, ਭਾਈ ਹਰਜਿੰਦਰ ਸਿੰਘ ਸ੍ਰੀ ਨਗਰ, ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣਾ, ਭਾਈ ਬਲਵਿੰਦਰ ਸਿੰਘ

ਰੰਗੀਲਾ, ਚੰਡੀਗੜ੍ਹ ਭਾਈ ਗੁਰਚਰਨ ਸਿੰਘ ਰਸੀਆ ਲੁਧਿਆਣਾ, ਭਾਈ ਜਗਜੀਤ ਸਿੰਘ ਕੋਮਲ ਲੁਧਿਆਣਾ, ਭਾਈ ਦਵਿੰਦਰ ਸਿੰਘ ਨਿਰਮਾਣ, ਭਾਈ ਸ਼ਵਿੰਦਰ ਸਿੰਘ ਅਨੰਦ, ਭਾਈ ਅਤਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਤਰਜਿੰਦਰ, ਭਾਈ ਮਨਮੋਹਨ ਸਿੰਘ, ਭਾਈ ਅਰਜਨ ਸਿੰਘ ਅਕਾਲ ਸੰਗੀਤ ਸਭਾ ਅਤੇ ਭਾਈ ਅਮਰਜੀਤ ਸਿੰਘ ਤਾਨ ਪਟਿਆਲਾ।

**ਮੋਹਾਲੀ** : ਸੁਖਮਨੀ ਸੰਗੀਤ ਸਭਾ ਫੇਜ਼ 3 ਬੀ 2 ਵੱਲੋਂ ਇਸੇ ਫੇਜ਼ ਦੇ ਇਕ ਪਾਰਕ ਵਿਚ 24 ਮਾਰਚ 1990 ਨੂੰ ਸੁਖਮਨੀ ਸਾਹਿਬ ਦਾ ਕੀਰਤਨ ਕੀਤਾ ਗਿਆ। ਇਸ ਕੀਰਤਨ ਵਿਚ ਸਮੂਹ ਸੰਗਤ ਨੇ ਭਾਗ ਲਿਆ। ਡਾਕਟਰ ਜਾਗੀਰ ਸਿੰਘ (ਅੰਮ੍ਰਿਤ ਕੀਰਤਨ ਵਾਲੇ) ਅਤੇ ਜਸਬੀਰ ਸਿੰਘ ਖੰਨੇ ਵਾਲਿਆਂ ਨੇ ਭੀ ਕੀਰਤਨ ਕੀਤਾ।

**ਚੰਡੀਗੜ੍ਹ** : ਗੁਰਦੁਆਰਾ ਸੈਕਟਰ 22 ਡੀ ਚੰਡੀਗੜ੍ਹ ਵਿਖੇ ਵਿਸਾਖੀ ਦਾ ਪਾਵਨ ਪੁਰਬ ਹਰ ਸਾਲ ਵਾਂਗ ਸ਼ਰਧਾ, ਸਤਿਕਾਰ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਭਾਈ ਹਰਭਜਨ ਸਿੰਘ ਲਹਿਰੀ, ਗੰਗਾ ਨਗਰ ਵਾਲਿਆਂ ਨੇ 11 ਅਪ੍ਰੈਲ 1990 ਤੱਕ ਸਵੇਰੇ ਅਤੇ ਸ਼ਾਮ ਸਮੇਂ ਕੀਰਤਨ ਰਾਹੀਂ ਸੰਗਤ ਦੀ ਸੇਵਾ ਕੀਤੀ। ਇਨਾਂ ਦੇ ਨਾਲ ਭਾਈ ਦਲਜੀਤ ਸਿੰਘ ਨੇ ਗੁਰਬਾਣੀ ਦੀ ਵਿਆਖਿਆ ਕਰਦਿਆਂ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਕੀਤੀ। 13 ਅਪ੍ਰੈਲ 1990 ਨੂੰ ਖਾਲਸਾ ਪੰਥ ਦੇ ਜਨਮ ਉਤਸਵ ਸਮੇਂ ਭਾਈ ਹਰਭਜਨ ਸਿੰਘ ਲਹਿਰੀ, ਪ੍ਰੋ: ਨਿਰਮਲ ਸਿੰਘ ਅਤੇ ਬੀਬੀ ਰਾਜਬੀਰ ਕੌਰ ਨੇ ਕੀਰਤਨ ਕੀਤਾ। ਸਿੱਖ ਵਿਚਾਰਧਾਰਾ ਅਤੇ ਗੁਰਮਤਿ ਸੰਬੰਧੀ ਵਿਚਾਰ, ਭਾਈ ਦਲਜੀਤ ਸਿੰਘ, ਸ੍ਰ: ਪ੍ਰਿਤਪਾਲ ਸਿੰਘ ਅਤੇ ਪ੍ਰਿੰਸੀਪਲ ਸਤਬੀਰ ਸਿੰਘ ਜੀ ਨੇ ਆਪਣੇ ਲੈਕ-ਚਰਾਂ ਰਾਹੀਂ ਸੰਗਤਾਂ ਦੇ ਸਾਹਮਣੇ ਰੱਖੇ।

**ਪਟਿਆਲਾ** : ਗੁਰਦੁਆਰਾ ਮੋਤੀ ਬਾਗ ਪਟਿਆਲਾ ਵਿਖੇ .5 ਅਪ੍ਰੈਲ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਗਿ: ਸੰਤ ਸਿੰਘ ਮਸਕੀਨ ਅਤੇ ਗਿਆਨੀ ਦਲੀਪ ਸਿੰਘ ਵਰਦੀ ਨੇ ਕਥਾ ਕੀਤੀ। ਕੀਰਤਨ ਦਰਬਾਰ ਵਿਚ ਭਾਈ ਮਾਨ ਸਿੰਘ ਮਸਕੀਨ ਦਿੱਲੀ ਭਾਈ ਕਲਿਆਣ ਸਿੰਘ ਦਿੱਲੀ, ਭਾਈ ਕਿਰਪਾਲ ਸਿੰਘ ਅੰਮ੍ਰਿਤਸਰ ਅਤੇ ਭਾਈ ਕਰਮ ਸਿੰਘ ਰਤਨ ਮੁਰਾਦਾਬਾਦ ਵਾਲਿਆਂ ਨੇ ਰਸ ਭਿੰਨਾ ਕੀਰਤਨ ਕੀਤਾ।

# ਗੁਰੂ ਅਰਜਨ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ

ਜਸਬੀਰ ਕੌਰ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪਰੈਲ 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ। ਬਚਪਨ ਤੋਂ ਹੀ ਗੁਰੂ ਅਰਜਨ ਦੇਵ ਜੀ ਅਸਾਧਾਰਣ ਪ੍ਰਤਿਭਾ ਦੇ ਮਾਲਕ ਸਨ। ਇਸ ਕਾਰਨ ਗੁਰੂ ਰਾਮਦਾਸ ਜੀ ਨੇ ਆਪਣੇ ਦੋਹਾਂ ਵੱਡੇ ਪੁੱਤਰਾਂ ਨੂੰ ਛੱਡ ਕੇ ਛੋਟੇ ਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਹੀ 1581 ਈਸਵੀ ਵਿਚ ਆਪਣੀ ਗੁਰਿਆਈ ਗੱਦੀ ਦਾ ਉਤਰਾ-ਅਧਿਕਾਰੀ ਥਾਪਿਆ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਹੋਏ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਪਰੰਪਰਾ ਦਾ ਘੋਖਵਾਂ ਅਧਿਐਨ ਕੀਤਾ। ਉਹ ਇਕ ਮਹਾਨ ਸੰਗੀਤਕਾਰ ਸਨ ਅਤੇ ਸਿੱਖ ਸੰਗੀਤ ਵਿਚ ਇੰਨਾ ਦਾ ਮਹੱਤਵ ਪੂਰਨ ਸਥਾਨ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੱਕ ਕੀਰਤਨਕਾਰ (ਗਾਇਕ) ਮਰਾਸੀ ਜਾਂ ਡੂਮ ਕੌਮ ਵਿਚੋਂ ਹੋਏ ਸਨ। ਉਨ੍ਹਾਂ ਦੀ ਪਰੰਪਰਾ ਭਾਈ ਮਰਦਾਨੇ ਨਾਲ ਸੰਬੰਧਿਤ ਹੋਣ ਕਰਕੇ ਉਹ 'ਮਰਦਾਨੇ ਕੇ' ਕਹਾਉਂਦੇ ਸਨ। ਇਹਨਾਂ ਨੇ ਇਨ੍ਹਾਂ ਵਿਚੋਂ ਹੀ ਸੱਤਾ ਅਤੇ ਬਲਵੰਡ ਦੋ ਪ੍ਰਸਿੱਧ ਰਬਾਬੀ ਕੀਰਤਨ ਕਰਿਆ ਕਰਦੇ ਸਨ। ਕੁਝ ਕਾਰਨਾਂ ਕਰਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਦੀ ਸੇਵਾ ਛੱਡ ਦਿੱਤੀ ਤਾਂ ਗੁਰੂ ਸਾਹਿਬ ਨੇ ਸਾਧਾ-ਰਣ ਸਿੱਖ ਸੰਗਤ ਨੂੰ ਕੀਰਤਨ ਦਾ ਆਦੇਸ਼ ਦਿੱਤਾ। ਇਸ ਪ੍ਰਕਾਰ ਸਿੱਖ ਰਾਗੀਆਂ ਦੀ ਕੀਰਤਨ ਸੰਪਰਦਾਇ ਦੇ ਮੋਢੀ ਗੁਰੂ ਅਰਜਨ ਦੇਵ ਜੀ ਹੀ ਹਨ। ਗੁਰੂ ਅਰਜਨ ਦੇਵ ਜੀ ਨੇ ਖੁਦ ਵੀ ਕੀਰਤਨ ਕਰਨ ਵਿਚ ਉਤਸ਼ਾਹ ਵਿਖਾਇਆ ਜਿਸ ਨਾਲ ਸਾਧਾਰਣ ਸਿੱਖ ਸੰਗਤ ਕੀਰਤਨ ਵੱਲ ਰੁਚਿਤ ਹੋਈ। ਉਨ੍ਹਾਂ ਨੇ ਅਜਿਹੀ ਸੁਰ ਰਚਨਾ ਨੂੰ ਹੀ ਕੀਰਤਨ ਲਈ ਪਰਵਾਨ ਮੰਨਿਆ ਜੋ ਤਾਸੀਰ ਅਤੇ ਵਲਵਲੇ ਭਰਪੂਰ ਹੋਵੇ ਅਤੇ ਸ਼ਬਦ ਦਾ ਭਾਵ ਸਰੋਤਿਆਂ ਦੇ ਦਿਲ ਤੇ ਉਕਰ ਸਕੇ।

ਗੁਰੂ ਅਰਜਨ ਦੇਵ ਜੀ ਨੇ ਵੀ ਪਹਿਲੇ ਗੁਰੂਆਂ ਦੀ ਚਲਾਈ ਪ੍ਰਥਾ, ਜਿਸ ਵਿਚ ਹਠ, ਤਪ ਦੇ ਥਾਂ ਰਾਗਾਂ ਰਾਹੀਂ ਪ੍ਰੇਮ ਭਗਤੀ "ਕਲਜੁਗ ਮਹਿ ਕੀਰਤਨ ਪਰਧਾਨਾ" ਦੇ ਕਲਿਆਣਕਾਰੀ ਮਾਰਗ ਨੂੰ ਆਪਣੇ ਜੀਵਨ ਵਿੱਚ ਪ੍ਰਮੁੱਖ ਸਥਾਨ ਦਿੱਤਾ। ਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਕੀ ਸਭ ਗੁਰੂਆਂ ਨਾਲੋਂ ਵਧੇਰੇ ਹੈ। ਇਨ੍ਹਾਂ ਦੀਆਂ ਰਚਨਾਵਾਂ ਗਿਆਨ ਪ੍ਰੇਮ ਵੈਰਾਗ ਅਤੇ ਸਿੱਕ ਭਰਪੂਰ ਹਨ। ਗੁਰੂ ਗਰੰਥ ਸਾਹਿਬ ਵਿਚ ਇਨ੍ਹਾਂ ਦੇ 2216 ਸ਼ਬਦਾਂ ਦੀ ਰਚਨਾ ਹੇਠ ਲਿਖੇ ਰਾਗਾਂ ਵਿਚ

ਅੰਕਿਤ ਹੈ । 1. ਰਾਗ ਸਿਰੀ, 2. ਰਾਗ ਮਾਝ, 3. ਰਾਗ ਗਉੜੀ, 4. ਰਾਗ ਗਉੜੀ-ਪੂਰਬੀ, 5. ਰਾਗ ਆਸਾ, 6. ਰਾਗ ਗੂਜਰੀ, 7. ਰਾਗ ਬਿਹਾਗੜਾ, 8. ਰਾਗ ਵਡਹੰਸ, 9. ਰਾਗ ਸੋਰਠ, 10. ਰਾਗ ਦੇਵ ਗੰਧਾਰੀ, 11. ਰਾਗ ਧਨਾਸਰੀ, 12. ਰਾਗ ਜੈਤਸਰੀ, 13. ਰਾਗ ਟੋਡੀ, 14. ਰਾਗ ਬੈਰਾੜੀ, 15. ਰਾਗ ਤਿਲੰਗ, 16. ਰਾਗ ਸੂਹੀ, 17. ਰਾਗ ਬਿਲਾਵਲ, 18. ਰਾਗ ਗੋਂਡ, 19. ਰਾਗ ਰਾਮ ਕਲੀ, 20. ਰਾਗ ਨਟ ਨਾਰਾਇਣ, 21. ਰਾਗ ਮਾਲੀ ਗਉੜਾ, 22. ਰਾਗ ਮਾਰੂ, 23. ਰਾਮ ਤੁਖਾਰੀ, 24. ਰਾਗ ਕੇਦਾਰਾ, 25, ਰਾਗ ਭੈਰਉ, 26, ਰਾਗ ਬਸੰਤ, 27. ਰਾਗ ਸਾਰੰਗ, 28. ਰਾਗ ਮਲਾਰ, 29. ਰਾਗ ਕਾਨੜਾ, 30. ਰਾਗ ਕਲਿਆਣ, 31. ਰਾਗ ਪ੍ਰਭਾਤੀ ।

## ਗੁਰੂ ਗਰੰਥ ਸਾਹਿਬ ਦੀ ਸੰਪਾਦਨਾ :

ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਕਰਕੇ ਅਧਿਆਤਮਕ ਜਗਤ ਨੂੰ ਹੀ ਸਗੋਂ ਕਲਾ ਜਗਤ ਨੂੰ ਵੀ ਮਹਾਨ ਦੇਣ ਦਿੱਤੀ । ਉਨ੍ਹਾਂ ਗੁਰੂ ਗਰੰਥ ਸਾਹਿਬ ਵਿਚ ਸਭ ਧਰਮਾਂ ਨੂੰ ਬਰਾਬਰ ਸਨਮਾਨ ਦਿੱਤਾ । ਉਨ੍ਹਾਂ ਨੇ ਭਗਤਾਂ ਅਤੇ ਸੰਤਾਂ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਵਿੱਚ ਅੰਕਿਤ ਕੀਤਾ । ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਰਾਗਾਤਮਕ ਸੀ । ਵਿਸ਼ਵ ਦੇ ਕਿਸੇ ਵੀ ਅਧਿਆਤਮਕ ਅਤੇ ਕਾਵਿ ਗਰੰਥ ਦਾ ਰਾਗਾਤਮਕ ਆਧਾਰ ਉਪਲਬਧ ਨਹੀਂ । ਗੁਰੂ ਅਰਜਨ ਦੇਵ ਜੀ ਨੇ 44 ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ :

ਗੁਰੂ ਅਰਜਨ ਦੇਵ ਨੇ ਵੱਖ ਵੱਖ ਕਾਵਿ ਸ਼ੈਲੀਆਂ ਵਿਚ ਬਾਣੀ ਰਚੀ । ਇਨ੍ਹਾਂ ਗਾਇਕ ਸ਼ੈਲੀਆਂ ਦੇ ਗਾਉਣ ਦਾ ਢੰਗ ਵੱਖੋ ਵੱਖਰਾ ਸੀ । ਪੜਤਾਲ ਗਾਇਕੀ ਨੂੰ ਵੀ ਆਪਣੇ ਪ੍ਰਚਾਰ ਵਿਚ ਲਿਆਂਦਾ । ਗੁਰੂ ਗਰੰਥ ਸਾਹਿਬ ਵਿਚ ਆਪ ਦੁਆਰਾ ਰਚਿਤ 36 ਪੜਤਾਲਾਂ ਉਪਲੱਬਧ ਹਨ । ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸੰਗੀਤ ਤੇ ਸੰਗੀਤਕ ਸ਼ਬਦਾਂ ਦਾ ਪ੍ਰਯੋਗ ਕੀਤਾ । ਉਨ੍ਹਾਂ ਦੀ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਸੰਗੀਤ ਸ਼ਾਸ਼ਤਰ ਦੇ ਪੂਰਣ ਗਿਆਤਾ ਸਨ । ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਧਰਪਦ ਗਾਇਕੀ ਸਿਖਰ ਤੇ ਸੀ ਅਤੇ ਭਾਈ ਸੱਤਾ ਬਲਵੰਡ, ਭਾਈ ਕੇਦਾਰ ਭਾਈ ਝਾਕੂ, ਭਾਈ ਮੁਕੰਦ ਵਰਗੇ ਪ੍ਰਸਿੱਧ ਰਾਗੀ ਰਬਾਬੀ ਸਿੱਖ ਸੰਗੀਤ ਦੀ ਇਸ ਪਰੰਪਰਾ ਦਾ ਮਾਣ ਸਨ ।

ਗੁਰੂ ਅਰਜਨ ਦੇਵ ਜੀ 30 ਮਈ, 1606 ਈਸਵੀ ਨੂੰ ਲਾਹੌਰ ਵਿਚ ਜੋਤੀ ਜੋਤ ਸਮਾਏ ।

ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।